ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194895821245311/

YouTube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 26 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੧ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

Exclusive News

## ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਨੂੰ ਮਿਲੀ 'ਜ਼ੈੱਡ' ਸ਼੍ਰੇਣੀ ਦੀ ਸੁਰੱਖਿਆ

**ਨਵੀਂ ਦਿੱਲੀ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਕੁਝ ਦਿਨ ਬਾਅਦ ਹੀ ਪੁਲਸ ਨੇ ਆਤਿਸ਼ੀ ਨੂੰ 'ਜ਼ੈੱਡ' ਸ਼੍ਰੇਣੀ ਦੀ ਸੁਰੱਖਿਆ ਮੁਹੱਈਆ ਕਰਵਾਈ ਹੈ। ਅਧਿਕਾਰਤ ਸੂਤਰਾਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਦਿੱਲੀ ਪੁਲਸ ਨੇ ਸ਼ਨੀਵਾਰ ਨੂੰ ਪਾਇਲਟ ਸਮੇਤ ਉਨ੍ਹਾਂ ਦੇ ਕਾਫਲੇ ਨੂੰ ਸੁਰੱਖਿਆ ਪ੍ਰਦਾਨ ਕੀਤੀ ਹੈ। ਪ੍ਰੋਟੋਕੋਲ ਤਹਿਤ ਦਿੱਲੀ ਦੇ ਮੁੱਖ ਮੰਤਰੀ ਨੂੰ ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ 'ਤੇ 'ਜ਼ੈੱਡ' ਸ਼੍ਰੇਣੀ ਦੀ ਸੁਰੱਖਿਆ ਦਿੱਤੀ ਜਾਂਦੀ ਹੈ। ਦਿੱਲੀ ਪੁਲਸ ਨੇ 'ਜ਼ੈੱਡ' ਸ਼੍ਰੇਣੀ ਦੀ ਸੁਰੱਖਿਆ ਵਾਲੇ ਵਿਅਕਤੀ ਲਈ ਸ਼ਿਫਟਾਂ ਵਿੱਚ 22 ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਹਨ। 'ਜ਼ੈੱਡ' ਸ਼੍ਰੇਣੀ ਦੀ ਸੁਰੱਖਿਆ ਵਿੱਚ ਨਿੱਜੀ ਸੁਰੱਖਿਆ ਅਧਿਕਾਰੀ, 'ਏਸਕੌਰਟਸ' ਅਤੇ ਹਥਿਆਰਬੰਦ ਸੁਰੱਖਿਆ ਕਰਮਚਾਰੀ ਵੀ ਸ਼ਾਮਲ ਹਨ। ਇੱਕ ਪੁਲਸ ਸੂਤਰ ਨੇ ਕਿਹਾ ਕਿ ਧਮਕੀਆਂ ਦੇ ਮੁਲਾਂਕਣ ਤੋਂ ਬਾਅਦ, ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ 'ਤੇ ਕੇਂਦਰੀ ਏਜੰਸੀਆਂ ਦੁਆਰਾ ਉਨ੍ਹਾਂ ਦੀ ਸੁਰੱਖਿਆ ਦੀ ਹੋਰ ਸਮੀਖਿਆ ਕੀਤੀ ਜਾ ਸਕਦੀ ਹੈ।



## ਪੰਜਾਬ ਵਿਚ ਪੰਚਾਇਤੀ ਚੋਣਾਂ

# 15 ਅਕਤੂਬਰ ਨੂੰ ਪੈਣਗੀਆਂ ਵੋਟਾਂ

**ਚੰਡੀਗੜ੍ਹ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਰਾਜ ਚੋਣ ਕਮਿਸ਼ਨ ਨੇ ਸੂਬੇ ਵਿਚ ਪੰਚਾਇਤੀ ਚੋਣਾਂ ਦਾ ਐਲਾਨ ਕਰ ਦਿੱਤਾ ਹੈ। 15 ਅਕਤੂਬਰ ਨੂੰ ਵੋਟਾਂ ਪੈਣਗੀਆਂ। ਪੰਚਾਇਤੀ ਚੋਣਾਂ ਦੀਆਂ ਤਾਰੀਖਾਂ ਦੇ ਐਲਾਨ ਨਾਲ ਹੁਣ ਪਿੰਡਾਂ ਵਿਚ ਚੋਣ ਜ਼ਾਬਤਾ ਵੀ ਲੱਗ ਗਿਆ ਹੈ। ਸੂਬਾ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਕਿਹਾ ਕਿ ਨਾਮਜ਼ਦਗੀ ਦੀ ਆਖਰੀ ਤਾਰੀਖ 4 ਅਕਤੂਬਰ ਹੋਵੇਗੀ। ਸਵੇਰੇ 8 ਵਜੇ ਤੋਂ 4 ਵਜੇ ਤੱਕ ਵੋਟਾਂ ਪੈਣਗੀਆਂ ਅਤੇ ਉਸੇ ਦਿਨ ਵੋਟਾਂ ਦੀ ਗਿਣਤੀ ਹੋਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ 'ਚ ਕੁੱਲ 13237 ਗ੍ਰਾਮ ਪੰਚਾਇਤਾਂ ਹਨ ਅਤੇ 19110 ਪੋਲਿੰਗ ਬੂਥ ਬਣਨਗੇ। ਬੈਲਟ ਪੇਪਰ ਰਾਹੀਂ ਵੋਟਾਂ ਪੈਣਗੀਆਂ। ਜਰਨਲ ਪੰਚਾਂ ਅਤੇ ਸਰਪੰਚਾਂ ਨੂੰ ਨਾਮਜ਼ਦਗੀ ਫ਼ੀਸ 100 ਰੁਪਏ ਦੇਣੀ ਪਵੇਗੀ ਅਤੇ ਐੱਸ. ਸੀ./ਬੀ. ਸੀ. ਪੰਚਾਂ ਅਤੇ ਸਰਪੰਚਾਂ ਨੂੰ ਨੌਮੀਨੇਸ਼ਨ ਫ਼ੀਸ 50 ਰੁਪਏ ਰੱਖੀ ਗਈ ਹੈ। ਪੰਜਾਬ 'ਚ 1 ਕਰੋੜ 33 ਲੱਖ ਵੋਟਰ ਹਨ। ਪੰਜਾਬ ਰਾਜ ਚੋਣ ਕਮਿਸ਼ਨਰ ਨੇ ਕਿਹਾ ਕਿ ਤਿਓਹਾਰਾਂ ਨੂੰ ਦੇਖਦੇ ਹੋਏ ਸ਼ਿਡਊਲ ਤੈਅ ਕੀਤਾ ਗਿਆ ਹੈ। ਝੋਨੇ ਦੀ ਵਾਢੀ ਦੇ ਸੀਜ਼ਨ ਦਾ ਵੀ ਧਿਆਨ ਰੱਖਿਆ ਗਿਆ ਹੈ। ਪੰਚਾਂ ਅਤੇ ਸਰਪੰਚਾਂ ਨੂੰ ਵੱਖਰੇ-ਵੱਖਰੇ ਚੋਣ ਨਿਸ਼ਾਨ ਜਾਰੀ ਕੀਤੇ ਜਾਣਗੇ। ਚੋਣ ਕਮਿਸ਼ਨਰ ਮੁਤਾਬਕ ਸਰਪੰਚ ਦੀ ਚੋਣ ਲਈ 38 ਅਤੇ ਪੰਚ ਦੀ ਚੋਣ ਲਈ 135 ਚੋਣ ਨਿਸ਼ਾਨ ਰੱਖੇ ਗਏ ਹਨ। ਚੋਣ ਕਮਿਸ਼ਨਰ ਮੁਤਾਬਕ ਕੁੱਲ 173 ਚੋਣ ਨਿਸ਼ਾਨ ਰੱਖੇ ਗਏ ਹਨ। ਜ਼ਿਲ੍ਹਾ ਪਰਿਸ਼ਦ ਦੀ ਚੋਣ ਲਈ 32 ਚੋਣ ਨਿਸ਼ਾਨ ਹੋਣਗੇ। ਚੋਣ ਕਮਿਸ਼ਨਰ ਮੁਤਾਬਕ 2 ਤਰ੍ਹਾਂ ਦੇ ਬੈਲਟ ਪੇਪਰ ਹੋਣਗੇ। ਪੰਜਾਬ ਵਿਚ ਕੁੱਲ 13237 ਪੰਚਾਇਤਾਂ ਹਨ ਜਦਕਿ 153 ਪੰਚਾਇਤ ਸੰਮਤੀਆਂ ਅਤੇ 23 ਜ਼ਿਲ੍ਹਾ ਪ੍ਰੀਸ਼ਦ ਹਨ। ਉਨ੍ਹਾਂ ਦਾ ਕਾਰਜਕਾਲ 31 ਦਸੰਬਰ 2023 ਨੂੰ ਖਤਮ ਹੋ ਗਿਆ ਸੀ। ਸੂਬੇ ਵਿਚ ਸਭ ਤੋਂ ਵੱਧ 1405 ਪੰਚਾਇਤਾਂ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹਨ, ਜਦੋਂ ਕਿ ਪਟਿਆਲਾ ਵਿਚ 1022 ਪੰਚਾਇਤਾਂ ਹਨ। ਪਿਛਲੇ ਸਾਲ ਦਸੰਬਰ ਤੋਂ ਭੰਗ ਹੋਈਆਂ ਪੰਚਾਇਤਾਂ ਦੀਆਂ ਚੋਣਾਂ ਅਜੇ ਬਾਕੀ ਹਨ।



## ਪੰਜਾਬ ਵਿਚ ਔਰਤਾਂ ਲਈ ਜਾਰੀ ਹੋਇਆ ਸਖ਼ਤ ਹੁਕਮ

**ਲੁਧਿਆਣਾ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਹਾਇਕ ਲੇਬਰ ਕਮਿਸ਼ਨਰ ਸਰਬਜੋਤ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਵੱਲੋਂ ਜਾਰੀ ਕਾਨੂੰਨ ਦਾ ਹਵਾਲਾ ਦਿੰਦਿਆਂ ਹਦਾਇਤ ਕੀਤੀ ਹੈ ਕਿ ਔਰਤਾਂ ਕਿਸੇ ਵੀ ਵਪਾਰਕ ਅਦਾਰੇ, ਦੁਕਾਨਾਂ, ਫੈਕਟਰੀਆਂ ਆਦਿ ਵਿਚ ਰਾਤ 8 ਵਜੇ ਤੋਂ ਬਾਅਦ ਕੰਮ ਨਹੀਂ ਕਰ ਸਕਦੀਆਂ। ਏ.ਐੱਲ.ਸੀ. ਸਰਬਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਲਈ ਵਪਾਰਕ ਅਦਾਰਿਆਂ ਦੇ ਸੰਚਾਲਕਾਂ ਲਈ ਔਰਤਾਂ ਦੀ ਸਹਿਮਤੀ ਅਤੇ ਸਰਕਾਰ ਤੋਂ ਇਜਾਜ਼ਤ ਲੈਣੀ ਲਾਜ਼ਮੀ ਹੈ ਅਤੇ ਇਸ ਦੇ ਨਾਲ ਹੀ ਔਰਤਾਂ ਨੂੰ ਕੰਮ ਲਈ ਘਰੋਂ ਸੁਰੱਖਿਅਤ ਲਿਆਉਣਾ ਅਤੇ ਘਰ ਪਹੁੰਚਾਉਣਾ ਲਾਜ਼ਮੀ ਹੈ। ਸਬੰਧਤ ਕਾਰੋਬਾਰੀ ਸਥਾਨ ਦੇ ਸੰਚਾਲਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਜਿਸ ਨੂੰ ਪੂਰੀ ਗੰਭੀਰਤਾ ਨਾਲ ਨਿਭਾਉਣ ਦੀ ਲੋੜ ਹੈ। ਇਕ ਸਵਾਲ ਦੇ ਜਵਾਬ ਵਿਚ ਸਹਾਇਕ ਕਿਰਤ ਕਮਿਸ਼ਨਰ ਸਰਬਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪੰਜਾਬ ਸ਼ਾਪ ਐਂਡ ਕਮਰਸ਼ੀਅਲ ਐਸਟੈਬਲਿਸ਼ਮੈਂਟ ਐਕਟ 1958 ਦੀ ਧਾਰਾ 9,10 (1) ਤਹਿਤ ਸਰਕਾਰ ਵੱਲੋਂ ਔਰਤਾਂ ਦੀ ਸੁਰੱਖਿਆ ਲਈ ਕਈ ਵਿਸ਼ੇਸ਼ ਕਾਨੂੰਨ ਅਤੇ ਨਿਯਮ ਲਾਗੂ ਕੀਤੇ ਗਏ ਹਨ, ਜਿਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਹਿਲਾ ਵਰਕਰਾਂ ਲਈ ਸੰਬੰਧਤ ਕੰਮ ਵਾਲੀ ਥਾਂ ਉਪਰ ਉਨ੍ਹਾਂ ਦੇ ਜ਼ਰੂਰੀ ਸਮਾਨ ਨੂੰ ਸੁਰੱਖਿਅਤ ਰੱਖਣ ਲਈ ਵੱਖਰੇ ਤੌਰ 'ਤੇ ਲਾਕਰ ਅਤੇ ਸੁਰੱਖਿਆ ਵਿਵਸਥੀ ਬਣਾਈ ਰੱਖਣ ਲਈ ਉਨ੍ਹਾਂ ਲਈ ਵਿਸ਼ੇਸ਼ ਆਰਾਮ ਘਰ ਬਣੇ ਹੋਣ ਤਾਂ ਜੋ ਲੋੜ ਪੈਣ 'ਤੇ ਉਹ ਆਰਾਮ ਕਰ ਸਕਣ। ਸਹਾਇਕ ਕਿਰਤ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਭਰ ਵਿਚ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਹਰੇਕ ਵਪਾਰਕ, ਕਾਰੋਬਾਰੀ ਅਤੇ ਉਦਯੋਗਿਕ ਇਕਾਈ ਆਦਿ ਦੀ ਅਚਨਚੇਤ ਚੈਕਿੰਗ ਕੀਤੀ ਜਾਵੇਗੀ ਅਤੇ ਇਸ ਦੌਰਾਨ ਜਾਰੀ ਕੀਤੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਨਾ ਕਰਨ ਵਾਲੇ ਵਪਾਰਕ ਅਦਾਰੇ ਜਾਂ ਦੁਕਾਨ ਖ਼ਿਲਾਫ਼ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

## ਕੈਬਨਿਟ ਮੰਤਰੀ ਬਣਨ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਹਰਦੀਪ ਸਿੰਘ ਮੁੰਡੀਆਂ



**ਅੰਮ੍ਰਿਤਸਰ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਵੱਲੋਂ ਆਪਣੀ ਕੈਬਨਿਟ ਵਿੱਚ ਪੰਜ ਨਵੇਂ ਮੰਤਰੀ ਬਣਾਏ ਗਏ ਸਨ। ਇਸ ਦੇ ਚੱਲਦੇ ਅੱਜ ਕੈਬਨਿਟ ਮੰਤਰੀ ਬਣਨ ਤੋਂ ਬਾਅਦ ਹਰਦੀਪ ਸਿੰਘ ਮੁੰਡੀਆਂ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ। ਇਸ ਮੌਕੇ ਉਨ੍ਹਾਂ ਨੇ ਗੁਰੂਘਰ ਵਿੱਚ ਮੱਥਾ ਟੇਕਿਆ ਤੇ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕੀਤਾ ਤੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਹੋਰ ਵੀ ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਵਰਕਰ ਮੌਜੂਦ ਸਨ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਸੱਚੇ ਪਾਤਸ਼ਾਹ ਦੀ ਕਿਰਪਾ ਹੋਈ ਹੈ। ਧੰਨ-ਧੰਨ ਗੁਰੂ ਰਾਮਦਾਸ ਜੀ ਦੀ ਕਿਰਪਾ ਹੋਈ ਹੈ। ਅੱਜ ਉਨ੍ਹਾਂ ਦਾ ਅਸ਼ੀਰਵਾਦ ਲੈਣ ਵਾਸਤੇ ਆਏ ਹਨ। ਉਨ੍ਹਾਂ ਨੇ ਕਿਹਾ ਕਿ ਅੱਜ ਤੁਹਾਨੂੰ ਭਰਾਵਾਂ ਨੂੰ ਦੱਸਣਾ ਚਾਹਵਾਂਗਾ ਕਿ ਮੇਰੇ ਨਾਲ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਹਨ। ਪਰਮਾਤਮਾ ਦੀ ਕਿਰਪਾ ਨਾਲ ਜਿਹੜੀ ਜਿੰਮੇਵਾਰੀ ਮਿਲੀ ਹੈ, ਉਹ ਪੂਰੀ ਤਨਦੇਹੀ ਨਾਲ ਨਿਭਾਵਾਂਗੇ। ਅੱਜ ਮੈਂ ਗੁਰੂ ਘਰ ਵਿੱਚ ਸੇਵਾਦਾਰ ਬਣ ਕੇ ਆਇਆ ਹਾਂ। ਅੱਜ ਮੈਂ ਆਪਣੇ ਮਹਿਕਮੇ ਦਾ ਚਾਰਜ ਸੰਭਾਲਣ ਜਾ ਰਿਹਾ ਹਾਂ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਇਆ ਜਾਵੇਗਾ ਜੋ ਮੁੱਖ ਮੰਤਰੀ ਦਾ ਸ਼ੁਰੂ ਤੋਂ ਸਪਨਾ ਸੀ। ਉਹ ਸਪਨਾ ਜ਼ਰੂਰ ਸਾਕਾਰ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਆਓ ਆਪਾਂ ਸਾਰੇ ਮਿਲ ਕੇ ਇਸ ਪੰਜਾਬ ਨੂੰ ਮੁੱਢ ਤੋਂ ਰੰਗਲਾ ਪੰਜਾਬ ਬਣਾਈਏ ਤੇ ਖ਼ੁਸ਼ਹਾਲ ਪੰਜਾਬ ਬਣਾਈਏ। ਉੱਥੇ ਹੀ ਉਨ੍ਹਾਂ ਨੇ ਕਿਹਾ ਕਿ ਜੋ ਲੋਕਾਂ ਨੇ ਸਾਡੇ ਤੇ ਉਮੀਦਾਂ ਲਗਾ ਕੇ ਸਾਡੀ ਇਹ ਸਰਕਾਰ ਬਣਾਈ ਹੈ, ਅਸੀਂ ਉਨ੍ਹਾਂ ਦੀਆਂ ਉਮੀਦਾਂ ਤੇ ਪੂਰੇ ਖਰਾ ਉਤਰਾਂਗੇ। ਹਰਦੀਪ ਸਿੰਘ ਮੁੰਡਿਆਂ ਨੂੰ ਪੰਜਾਬ ਸਰਕਾਰ ਵਿੱਚ ਵਾਟਰ ਸਪਲਾਈ ਵਿਭਾਗ ਤੇ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਤੇ ਰੈਵਨਿਊ ਵਿਭਾਗ ਦੇ ਮਹਿਕਮੇ ਮਿਲੇ ਹਨ।

## ਕਿਸਾਨ ਤਾਂ ਐਵੇਂ ਹੀ ਕੀਤੇ ਬਦਨਾਮ ! ਆਖਰ ਵਿਗਿਆਨੀਆਂ ਨੇ ਲੱਭ ਹੀ ਲਿਆ ਕੈਂਸਰ ਦਾ ਅਸਲ ਕਾਰਨ

**ਨਵੀਂ ਦਿੱਲੀ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅਕਸਰ ਮੰਨਿਆ ਜਾਂਦਾ ਹੈ ਕਿ ਕਿਸਾਨਾਂ ਵੱਲੋਂ ਖਾਦਾਂ ਦੇ ਕੀਟਨਾਸ਼ਕਾਂ ਦੀ ਵਰਤੋਂ ਕਾਰਨ ਲੋਕਾਂ ਨੂੰ ਕੈਂਸਰ ਹੋ ਰਿਹਾ ਹੈ। ਬੇਸ਼ੱਕ ਇਹ ਗੱਲ ਕਿਸੇ ਹੱਦ ਤੱਕ ਸਹੀ ਵੀ ਹੋ ਸਕਦੀ ਹੈ ਪਰ ਵਿਗਿਆਨੀਆਂ ਨੇ ਕੈਂਸਰ ਬਾਰੇ ਅਜਿਹਾ ਖੁਲਾਸਾ ਕੀਤਾ ਹੈ ਜਿਸ ਨੇ ਸਭ ਦੇ ਹੋਸ਼ ਉਡਾ ਦਿੱਤੇ ਹਨ। ਵਿਗਿਆਨੀਆਂ ਨੇ ਕਿਹਾ ਹੈ ਕਿ ਫੂਡ ਪੈਕੇਜਿੰਗ ਸਮੱਗਰੀ ਨਾਲ ਵੱਡੀ ਪੱਧਰ ਉਪਰ ਕੈਂਸਰ ਹੋ ਰਿਹਾ ਹੈ। ਦਰਅਸਲ ਖੋਜਕਰਤਾਵਾਂ ਦੀ ਇੱਕ ਟੀਮ ਨੇ ਪਲਾਸਟਿਕ, ਕਾਗਜ਼ ਤੇ ਗੱਤੇ ਸਮੇਤ ਫੂਡ ਪੈਕੇਜਿੰਗ ਸਮੱਗਰੀ ਵਿੱਚ ਲਗਪਗ 200 ਸੰਭਾਵੀ ਛਾਤੀ ਦੇ ਕੈਂਸਰ ਪੈਦਾ ਕਰਨ ਵਾਲੇ ਮਿਸ਼ਰਣਾਂ ਦੀ ਪਛਾਣ ਕੀਤੀ ਹੈ। ਇਹ ਮੌਜੂਦਾ ਨਿਯਮਾਂ ਦੇ ਬਾਵਜੂਦ ਇੱਕ ਮਹੱਤਵਪੂਰਨ ਜੋਖਮ ਪੈਦਾ ਕਰਦੇ ਹਨ। 'ਫਰੰਟੀਅਰਜ਼ ਇਨ ਟੌਕਸੀਕੋਲੋਜੀ' ਵਿੱਚ ਮੰਗਲਵਾਰ ਨੂੰ ਪ੍ਰਕਾਸ਼ਿਤ ਖੋਜ, ਰੋਜ਼ਾਨਾ ਦੀਆਂ ਚੀਜ਼ਾਂ ਵਿੱਚ ਇਨ੍ਹਾਂ ਰਸਾਇਣਾਂ ਨੂੰ ਘਟਾਉਣ ਲਈ ਰੋਕਥਾਮ ਉਪਾਵਾਂ ਦੀ ਫੌਰੀ ਲੋੜ 'ਤੇ ਜ਼ੋਰ ਦਿੰਦੀ ਹੈ। ਫੂਡਪੈਕਜਿੰਗ ਫੋਰਮ ਦੀ ਪ੍ਰਬੰਧਕ ਨਿਰਦੇਸ਼ਕ ਤੇ ਅਧਿਐਨ ਦੀ ਸਹਿ-ਲੇਖਕ ਜੇਨ ਮੁਨਕੇ ਨੇ ਕਿਹਾ ਕਿ ਇਹ ਅਧਿਐਨ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਹ ਦਰਸਾਉਂਦਾ ਹੈ ਕਿ ਛਾਤੀ ਦੇ ਕੈਂਸਰ ਦਾ ਕਾਰਨ ਬਣਨ ਵਾਲੇ ਰਸਾਇਣਾਂ ਦੇ ਸੰਪਰਕ ਨੂੰ ਰੋਕਣ ਦਾ ਇੱਕ ਬਹੁਤ ਵੱਡਾ ਮੌਕਾ ਹੈ। ਉਨ੍ਹਾਂ ਕਿਹਾ ਕਿ ਰੋਜ਼ਾਨਾ ਜੀਵਨ ਵਿੱਚ ਖ਼ਤਰਨਾਕ ਰਸਾਇਣਾਂ ਦੀ ਵਰਤੋਂ ਨਾਲ ਹੋਣ ਵਾਲੇ ਕੈਂਸਰ ਨੂੰ ਰੋਕਣ ਦੀ ਸੰਭਾਵਨਾ ਦਾ ਪਤਾ ਲਾਇਆ ਗਿਆ। ਇਸ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਇਹ ਔਰਤਾਂ ਵਿੱਚ ਸਭ ਤੋਂ ਵੱਧ ਆਮ ਕੈਂਸਰ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ 2022 ਵਿੱਚ 2.3 ਮਿਲੀਅਨ ਔਰਤਾਂ ਵਿੱਚ ਛਾਤੀ ਦੇ ਕੈਂਸਰ ਦਾ ਪਤਾ ਲਾਇਆ ਗਿਆ ਤੇ ਵਿਸ਼ਵ ਪੱਧਰ 'ਤੇ 670,000 ਦੀ ਮੌਤ ਹੋ ਗਈ। ਅਧਿਐਨ ਲਈ ਟੀਮ ਨੇ ਸੰਭਾਵੀ ਛਾਤੀ ਦੇ ਕਾਰਸੀਨੋਜਨਾਂ ਦੀਆਂ ਹਾਲ ਹੀ ਵਿੱਚ ਪ੍ਰਕਾਸ਼ਿਤ ਸੂਚੀਆਂ ਦੀ ਤੁਲਨਾ ਕੀਤੀ। ਉਨ੍ਹਾਂ ਨੇ ਪਾਇਆ ਕਿ ਭੋਜਨ ਪੈਕਜਿੰਗ ਸਮੱਗਰੀ ਵਿੱਚ 189 ਸੰਭਾਵੀ ਕਾਰਸੀਨੋਜਨ ਪਾਏ ਗਏ, ਜਿਨ੍ਹਾਂ ਵਿੱਚ ਪਲਾਸਟਿਕ ਵਿੱਚ 143 ਤੇ ਕਾਗਜ਼ ਜਾਂ ਬੋਰਡ ਵਿੱਚ 89 ਸ਼ਾਮਲ ਸਨ। ਇਸ ਤੋਂ ਇਲਾਵਾ ਟੀਮ ਨੇ ਆਪਣੇ ਅਧਿਐਨ ਨੂੰ 2020-22 ਵਿੱਚ ਉਪਲਬਧ ਤਾਜ਼ਾ ਅਧਿਐਨਾਂ ਤੱਕ ਹੀ ਸੀਮਤ ਰੱਖਿਆ। ਉਨ੍ਹਾਂ ਨੂੰ ਦੁਨੀਆ ਭਰ ਵਿੱਚ ਖਰੀਦੇ ਗਏ FCM ਤੋਂ 76 ਛਾਤੀ ਦੇ ਕਾਰਸੀਨੋਜਨਾਂ ਦੇ ਸੰਪਰਕ ਦੇ ਸਬੂਤ ਵੀ ਮਿਲੇ, ਜਿਨ੍ਹਾਂ ਵਿੱਚੋਂ 61 ਪਲਾਸਟਿਕ ਦੇ ਸਨ। FCM ਛਾਤੀ ਦੇ ਕੈਂਸਰ ਦਾ ਕਾਰਨ ਬਣਨ ਵਾਲੇ ਪਦਾਰਥਾਂ ਦੇ ਸੰਪਰਕ ਵਿੱਚ ਪੂਰੀ ਆਬਾਦੀ ਦਾ ਆਉਣਾ ਆਮ ਗੱਲ ਹੈ। ਇਹ ਅਸਲ ਪ੍ਰਯੋਗ ਦੀਆਂ ਸਥਿਤੀਆਂ ਤਹਿਤ ਵਿਸ਼ਵਵਿਆਪੀ ਆਬਾਦੀ ਦੇ ਰਸਾਇਣਾਂ ਦੇ ਸੰਪਰਕ ਵਿੱਚ ਆਉਣ ਦਾ ਸੰਕੇਤ ਦਿੰਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਭੋਜਨ ਪੈਕਜਿੰਗ ਸਮੱਗਰੀ ਪਿਛਲੇ ਕੁਝ ਸਾਲਾਂ ਵਿੱਚ ਯੂਰਪੀਅਨ ਯੂਨੀਅਨ ਤੇ ਅਮਰੀਕਾ ਸਮੇਤ ਉੱਚ ਨਿਯੰਤ੍ਰਿਤ ਖੇਤਰਾਂ ਦੇ ਬਾਜ਼ਾਰਾਂ ਤੋਂ ਖਰੀਦੀ ਗਈ ਸੀ। ਇਸ ਬਾਰੇ ਖੋਜਕਰਤਾਵਾਂ ਨੇ ਕਿਹਾ, "ਸਾਡੀਆਂ ਖੋਜਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ FCM ਛਾਤੀ ਦੇ ਕੈਂਸਰ ਪੈਦਾ ਕਰਨ ਵਾਲੇ ਪਦਾਰਥਾਂ ਦਾ ਸੰਪਰਕ ਪੂਰੀ ਆਬਾਦੀ ਵਿੱਚ ਆਮ ਹੈ।"




## ਕਿਸਾਨੀ ਅੰਦੋਲਨ ਦੌਰਾਨ ਕਿਸਾਨ ਨੇ ਕੀਤੀ ਖ਼ੁਦਕੁਸ਼ੀ

**ਮਾਨਸਾ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਅੰਦੋਲਨ ਦੌਰਾਨ ਵੱਡੀ ਖ਼ਬਰ ਸਾਹਮਣੇ ਆਈ ਹੈ। ਪੰਜਾਬ ਦੇ ਇਕ ਕਿਸਾਨ ਨੇ ਖ਼ੁਦਕੁਸ਼ੀ ਕਰਕੇ ਆਪਣੀ ਜੀਵਨਲੀਲਾ ਖ਼ਤਮ ਕਰ ਲਈ। ਇਸ ਘਟਨਾ ਤੋਂ ਬਾਅਦ ਮਾਹੌਲ ਗਰਮਾ ਗਿਆ। ਜਾਣਕਾਰੀ ਮੁਤਾਬਕ ਖਨੌਰੀ ਬਾਰਡਰ ਮੋਰਚੇ 'ਚ ਇਕ ਕਿਸਾਨ ਵੇ ਟਰਾਲੀ ਨਾਲ ਰੱਸੀ ਬੰਨ੍ਹ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਕਿਸਾਨ ਦੀ ਪਛਾਣ ਗੁਰਮੀਤ ਸਿੰਘ (55) ਵਾਸੀ ਮਾਨਸਾ ਦੇ ਪਿੰਡ ਠੂਠਿਆਂਵਾਲੀ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਕਰਜ਼ੇ ਤੋਂ ਪਰੇਸ਼ਾਨ ਸੀ, ਜਿਸ ਨਾਲ ਉਕਤ ਖ਼ੌਫ਼ਨਾਕ ਕਦਮ ਚੁੱਕ ਲਿਆ। ਦੱਸ ਦੇਈਏ ਕਿ ਆਪਣੀਆਂ ਮੰਗਾਂ ਨੂੰ ਲੈ ਕੇ ਕਿਸਾਨ 13 ਫਰਵਰੀ ਤੋਂ ਖਨੌਰੀ ਬਾਰਡਰ 'ਤੇ ਪ੍ਰਦਰਸ਼ਨ ਕਰ ਰਰੇ ਹਨ। ਉਸ ਦੇ ਪਰਿਵਾਰ ਵਿਚ ਪਤਨੀ ਅਤੇ ਤਿੰਨ ਬੱਚੇ ਹਨ। ਜਾਣਕਾਰੀ ਅਨੁਸਾਰ ਘਰ ਵਿਚ ਗਰੀਬੀ ਸੀ ਅਤੇ ਪਹਿਲੇ ਦਿਨ ਤੋਂ ਹੀ ਗੁਰਮੀਤ ਖ਼ਨੌਰੀ ਸਰਹੱਦ 'ਤੇ ਕਿਸੇ ਨਾ ਕਿਸੇ ਸੰਘਰਸ਼ ਵਿਚ ਸਹਿਯੋਗ ਕਰ ਰਿਹਾ ਸੀ। ਕਰਜ਼ੇ ਕਾਰਨ ਗੁਰਮੀਤ ਸਿੰਘ ਦਾ ਘਰ ਵੀ ਵਿਕ ਗਿਆ ਹੈ। ਜਾਣਕਾਰੀ ਅਨੁਸਾਰ ਗੁਰਮੀਤ ਸਿੰਘ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਨਾਲ ਸਬੰਧਤ ਸੀ। ਜਦੋਂ ਹੋਰ ਕਿਸਾਨ ਉੱਥੇ ਨਹੀਂ ਸਨ ਤਾਂ ਉਸ ਨੇ ਖ਼ੁਦਕੁਸ਼ੀ ਕਰ ਲਈ। ਉਸ ਨੇ ਅੱਜ ਸਵੇਰੇ ਪਿੰਡ ਮੱਲਣ ਬਲਾਕ ਦੋਦਾ ਸ੍ਰੀ ਮੁਕਤਸਰ ਸਾਹਿਬ ਦੇ ਟੈਂਟ ਵਿੱਚ ਜਾ ਕੇ ਖ਼ੁਦਕੁਸ਼ੀ ਕਰ ਲਈ। ਜਦੋਂ ਕਿਸਾਨ ਵਾਪਸ ਆਏ ਤਾਂ ਗੁਰਮੀਤ ਨੇ ਫਾਹਾ ਲਿਆ ਹੋਇਆ ਸੀ। ਉਸ ਨੇ ਟਰਾਲੀ ਨਾਲ ਰੱਸੀ ਬੰਨ੍ਹੀ ਹੋਈ ਸੀ। ਅੰਦੋਲਨ ਨਾਲ ਜੁੜੇ ਕਿਸਾਨਾਂ ਨੇ ਦੱਸਿਆ ਕਿ ਕਿਸਾਨ ਗੁਰਮੀਤ ਇਸ ਅੰਦੋਲਨ ਨੂੰ ਲੈ ਕੇ ਕਾਫ਼ੀ ਗੰਭੀਰ ਸੀ। ਉਹ ਘੱਟ ਹੀ ਘਰ ਜਾਂਦਾ ਸੀ। ਉਸ ਦੇ ਸਿਰ 'ਤੇ ਕਰਜ਼ਾ ਵੀ ਸੀ। ਇਸ ਕਾਰਨ ਉਹ ਪਰੇਸ਼ਾਨ ਰਹਿੰਦਾ ਸੀ। ਕੁਝ ਸਮਾਂ ਪਹਿਲਾਂ ਉਸ ਦੇ ਲੜਕੇ ਦਾ ਵਿਆਹ ਸੀ ਪਰ ਉਹ ਨਹੀਂ ਗਿਆ ਸੀ। ਇਸ ਸਬੰਧੀ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਮੈਨੂੰ ਸੂਚਨਾ ਮਿਲੀ ਹੈ ਕਿ ਕਿਸਾਨ ਨੇ ਖ਼ੁਦਕੁਸ਼ੀ ਕਰ ਲਈ ਹੈ। ਮੈਂ ਚੰਡੀਗੜ੍ਹ ਆਇਆ ਹੋਇਆ ਸੀ। ਹੁਣ ਮੌਕੇ 'ਤੇ ਜਾ ਰਹੇ ਹਾਂ। ਇਹ ਕਿਸਾਨ ਸੰਘਰਸ਼ ਨੂੰ ਬਹੁਤ ਸਮਰਪਿਤ ਸੀ। ਉਹ ਪੂਰੇ ਧਰਨੇ ਵਾਲੀ ਥਾਂ 'ਤੇ ਬਿਜਲੀ ਦਾ ਸਾਰਾ ਕੰਮ ਵੇਖਦਾ ਰਿਹਾ ਸੀ। ਉਸ ਦੇ ਲੜਕੇ ਦਾ ਵਿਆਹ ਕੁਝ ਮਹੀਨੇ ਪਹਿਲਾਂ ਹੋਇਆ ਸੀ। ਉਸ ਸਮੇਂ ਉਸ ਨੇ ਇਹ ਕਹਿ ਕੇ ਜਾਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਅੱਜਕਲ੍ਹ ਲਾਈਟ ਦੀ ਸਮੱਸਿਆ ਹੈ। ਅਜਿਹੇ 'ਚ ਜੇਕਰ ਲਾਈਟਾਂ 'ਚ ਨੁਕਸ ਪੈ ਜਾਂਦਾ ਹੈ ਤਾਂ ਕਿਸਾਨਾਂ ਨੂੰ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਤੋਂ ਬਾਅਦ ਉਸ ਦੇ ਪਰਿਵਾਰ ਨੇ ਬਿਨਾਂ ਉਸ ਦੇ ਲੜਕੇ ਦਾ ਵਿਆਹ ਕਰਵਾ ਦਿੱਤਾ ਸੀ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**


## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਅਜਿਹੇ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛੱਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ
www.damdamitaksal.net

੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write PUNJABI



ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470




ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446




ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM International Newspaper & WEB TV
CALL US TO BOOK YOUR CSCS LEVEL ONE COURSE.
07715128621




## • ਪੁਰਜ਼ੋਰ ਅਪੀਲ •

ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਹਕੂਮਤ ਦੇ ਹੁਕਮਾਂ ਤੇ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਧਾੜਵੀ ਬਣਕੇ ਆਕੇ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਜਰਨਲ ਵੈਦਿਆ ਨੂੰ ਸੋਧਾ ਲਾਕੇ ਸਿੱਖ ਕੌਮ ਦੀ ਡਿੱਗੀ ਪੱਗ ਸਿਰ ਤੇ ਰੱਖਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੀ 32ਵੀਂ ਬਰਸੀ ਉਹਨਾਂ ਦੇ ਜੱਦੀ ਪਿੰਡ ਗੱਦਲੀ, ਜਿਲਾ ਅੰਮ੍ਰਿਤਸਰ ਵਿਖੇ 9 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਚੋਂ ਸਮਾਂ ਕੱਢ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਬੇਨਤੀ ਕਰਤਾ :-

### ਭਾਈ ਭੁਪਿੰਦਰ ਸਿੰਘ ਗੱਦਲੀ

(ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ)




ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


DHAN DHAN SRI GURU NANAK DEV JI'S
PARKASH PURAB
SANDWELL
NAGAR
KIRTAN
ਨਗਰ ਕੀਰਤਨ
SUNDAY 3 NOV 2024
GURDWARA GURU HAR RAI SAHIB JI START 9.00AM
George Street, West Bromwich
GURU NANAK GURDWARA 11.00AM
Edward Street, West Bromwich
GURDWARA AMRIT PARCHAR DHARMIK DIWAN 1.00PM
Birmingham Road, Oldbury
GURDWARA GURU MANEYO GRANTH 2.00PM
Popes Lane, Oldbury
GURDWARA BABA SANG 3.15PM
St Paul's Road, Smethwick
GURU NANAK GURDWARA SMETHWICK 4.00pm FINISH
High Street, Smethwick
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਅਰੰਭਤਾ: ੯.੦੦ ਵਜੇ
ਜੋਰਜ ਸਟਰੀਟ ਵੈਸਟ ਬ੍ਰਮਵਿਚ
ਗੁਰੂ ਨਾਨਕ ਗੁਰਦੁਆਰਾ, ੧੧.੦੦ ਵਜੇ
ਏਡਵਰਡ ਸਟਰੀਟ ਵੈਸਟ ਬ੍ਰਮਵਿਚ
ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ ੧.੦੦ ਵਜੇ
ਬ੍ਰਮਿੰਘਮ ਰੋਡ, ਓਲਡਬਰੀ
ਗੁਰਦੁਆਰਾ ਗੁਰੂ ਮਾਨਯੋ ਗ੍ਰੰਥ ੨.੦੦ ਵਜੇ
ਪੋਪਸ ਲੇਨ, ਓਲਦਬਰੀ
ਗੁਰਦੁਆਰਾ ਬਾਬਾ ਸੰਗ ਜੀ ੩.੧੫ ਵਜੇ
ਸਟ. ਪੌਲਜ਼ ਰੋਡ, ਸਮੈਦਿਕ
ਗੁਰੂ ਨਾਨਕ ਗੁਰਦੁਆਰਾ ਸਮਾਪਤੀ: ੪.੦੦ ਵਜੇ
ਸਮੈਦਿਕ
ਆਵਾਜ਼ਿ ਕੌਮ
AWAZE QAUM
International Newspaper & WEB TV
GURU HAR RAI GURDWARA SAHIB - 0121 553 7219
GURU NANAK GURDWARA SMETHWICK - 0121 558 2527
ਗੁਰੂ ਹਰਿਰਾਇ
GURDWARA
AMRIT PARCHAR
DHARMIK DIWAN
OLDBURY
Gurdwara
Guru Maneyo Granth
OLDBURY
GURU NANAK GURDWARA
SMETHWICK
The Council of
Sikh Gurdwaras in
Sandwell

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮਿ ਕਮਾਹਿ, ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ।
ਦੇ ਮਹਾਂਵਾਕ ਅਨੁਸਾਰ ਸਾਡੇ ਪੂਜਨੀਕ



# ਸ੍ਰ. ਰਾਮ ਸਿੰਘ

## (ਸਪੁੱਤਰ ਸ੍ਰ. ਰਾਜਾ ਸਿੰਘ)

ਮਿਤੀ **17-09-2024** ਦਿਨ ਮੰਗਲਵਾਰ ਨੂੰ ਅਕਾਲ ਪੁਰਖ ਦੀ ਹਜ਼ੂਰੀ ਵਿਚ ਜਾ ਵਿਰਾਜੇ ਸਨ।
ਸੋ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

# ਸ੍ਰੀ ਸਹਿਜ ਪਾਠ ਸਾਹਿਬ ਜੀ ਦਾ ਭੋਗ

**ਮਿਤੀ 27-09-2024** ਦਿਨ **ਸ਼ੁਕਰਵਾਰ** ਨੂੰ **ਦੁਪਹਿਰ 12:30 ਵਜੇ** ਅਸਥਾਨ **ਗੁਰਦੁਆਰਾ ਸਾਹਿਬ, ਪਿੰਡ ਕਰੰਡੀ (ਟੋਹਾਣਾ)** ਵਿਖੇ ਪਾਏ ਜਾਣਗੇ। ਸੋ ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

## ਦੁਖੀ ਹਿਰਦੇ ਨਾਲ:

ਲੱਖਾ ਸਿੰਘ (ਭਰਾ) ਮੋ. 93158-84498
ਮਨਪ੍ਰੀਤ ਸਿੰਘ (ਭਤੀਜਾ) ਮੋ. 86075-73618
ਅਤੇ ਸਮੂਹ ਗੰਡੂ ਪਰਿਵਾਰ

**ਨਿਵਾਸ ਸਥਾਨ : ਪਿੰਡ ਕਰੰਡੀ (ਟੋਹਾਣਾ)**

ਆਵਾਜ਼ਿ ਕੌਮ AWAZE QAUM International Newspaper & WEB TV

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥

# ਖਾੜਕੂ ਸਿੱਖ ਸੰਘਰਸ਼ ਦੇ ਮਹਾਨ ਯੋਧੇ ਭਾਈ ਸੁਖਵੰਤ ਸਿੰਘ ਗੂਹਲਾ ਨਮਿਤ ਅੰਤਿਮ ਅਰਦਾਸ 30 ਸਤੰਬਰ ਨੂੰ



ਭਾਈ ਸੁਖਵੰਤ ਸਿੰਘ ਗੂਹਲਾ

ਖਾੜਕੂ ਸਿੱਖ ਸੰਘਰਸ਼ ਦੇ ਮਹਾਨ ਯੋਧੇ ਭਾਈ ਸੁਖਵੰਤ ਸਿੰਘ ਗੂਹਲਾ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ, ਓਨਾ ਦੀ ਅੰਤਿਮ ਅਰਦਾਸ 30-9-2024 ਨੂੰ ਗੁਰਦਵਾਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਪਾਤਸ਼ਾਹੀ ਨੌਵੀਂ ਗੂਹਲਾ ਚੀਕਾਂ ਜਿਲ੍ਹਾ ਕੈਥਲ ਹਰਿਆਣਾ ਵਿਖੇ 11 ਵਜੇ ਹੋਵੇਗੀ।

**ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।**

ਆਵਾਜ਼ਿ ਕੌਮ AWAZE QAUM International Newspaper & WEB TV

ਬੇਨਤੀ ਕਰਤਾ :

## ਸਮੂਹ ਪਰਿਵਾਰ ਅਤੇ ਸਾਧ ਸੰਗਤ

**ਜਾਰੀ ਕਰਤਾ :** ਭਾਈ ਬਾਬਾ ਇੰਦਰ ਸਿੰਘ ਕਾਰ ਸੇਵਾ, ਬਾਬਾ ਬਖਸੀਸ ਸਿੰਘ ਨਿਜ਼ਾਮਨੀਵਾਲਾ, ਬਾਬਾ ਦਿਲਬਾਗ ਸਿੰਘ ਅਤਾਲਾ, ਭਾਈ ਸੁਰਿੰਦਰ ਸਿੰਘ ਠੀਕਰੀਵਾਲ, ਭਾਈ ਬਗੀਚਾ ਸਿੰਘ ਰੱਤਾਖੇੜਾ, ਭਾਈ ਮਹਿੰਦਰ ਸਿੰਘ ਅਸੰਧ

# 1984 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਹੋਏ ਹਮਲੇ ਤੋਂ ਬਾਅਦ ਸਿੱਖ ਸੰਘਰਸ਼ ਵਿੱਚ ਕੈਨੇਡਾ ਤੋਂ ਜਾ ਕੇ ਇਹਨਾਂ ਸਿੰਘਾਂ ਨੇ ਸਿੱਖ ਕੌਮ ਦੀ ਅਜ਼ਾਦੀ ਲਈ ਆਪਣਾ ਬਲੀਦਾਨ ਦਿੱਤਾ।



ਸ਼ਹੀਦ ਭਾਈ ਲਖਵੀਰ ਸਿੰਘ ਰੋਡੇ
ਆਈ. ਐਸ. ਵਾਈ. ਐਫ. ਕਨਵੀਨੀਅਰ



ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ
ਪ੍ਰਧਾਨ ਗੁਰੂ ਨਾਨਕ ਸਿੱਖ ਗੁਰਦੁਆਰਾ, ਮੈਂਬਰ ਐਸ. ਐਫ. ਜੇ.



ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ
ਮੁਖੀ ਇੰਟਰਨੈਸ਼ਨਲ ਬੱਬਰ ਖਾਲਸਾ




ਸ਼ਹੀਦ ਭਾਈ ਮੋਹਿੰਦਰ ਸਿੰਘ ਕੂਨਰ
ਮੈਂਬਰ ਆਈ. ਐਸ. ਵਾਈ. ਐਫ.



ਸ਼ਹੀਦ ਭਾਈ ਬਲਬੀਰ ਸਿੰਘ ਖਹਿਰਾ
ਮੈਂਬਰ ਆਈ. ਐਸ. ਵਾਈ. ਐਫ.



ਸ਼ਹੀਦ ਭਾਈ ਭੁਪਿੰਦਰ ਸਿੰਘ ਕੂਨਰ
ਮੈਂਬਰ ਆਈ. ਐਸ. ਵਾਈ. ਐਫ.



ਸ਼ਹੀਦ ਭਾਈ ਸੁਰਿੰਦਰ ਸਿੰਘ ਸਿੰਦਰ
ਮੈਂਬਰ ਆਈ. ਐਸ. ਵਾਈ. ਐਫ.



ਸ਼ਹੀਦ ਭਾਈ ਹਰਜਿੰਦਰ ਸਿੰਘ ਪਾੜ੍ਹਾ
ਮੈਂਬਰ ਆਈ. ਐਸ. ਵਾਈ. ਐਫ.



ਸ਼ਹੀਦ ਭਾਈ ਸੁਰਿੰਦਰ ਸਿੰਘ ਰਵੀ
ਮੈਂਬਰ ਆਈ. ਐਸ. ਵਾਈ. ਐਫ.

ਸ਼ਹੀਦ
ਭਾਈ ਕੁਲਵਿੰਦਰ ਸਿੰਘ
ਮੱਲ੍ਹੀ

ਸ਼ਹੀਦ ਭਾਈ ਕੁਲਵਿੰਦਰ ਸਿੰਘ ਮੱਲ੍ਹੀ
ਮੈਂਬਰ ਆਈ. ਐਸ. ਵਾਈ. ਐਫ.

# ਕੈਨੇਡਾ ਦੇ ਜੁਝਾਰੂ ਸਿੰਘਾਂ ਦੀ ਯਾਦ ਵਿੱਚ ਸਮਾਗਮ

## 29 ਸਤੰਬਰ 2024

ਆਵਾਜ਼ਿ ਕੌਮ AWAZE QAUM
International Newspaper & WEB TV

ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਸ਼ਾਮ 5.30 ਵਜੇ ਪਾਏ ਜਾਣਗੇ।
ਉਪਰੰਤ 9:00 ਵਜੇ ਤੱਕ ਸ਼ਹੀਦਾਂ ਦੀ ਯਾਦ ਵਿਚ ਦੀਵਾਨ ਸਜਣਗੇ ਜੀ।

## ਸ੍ਰੀ ਗੁਰੂ ਸਿੰਘ ਸਭਾ ਮਾਲਟਨ ਕੈਨੇਡਾ: 905-671-1662

ਸ. ਮਨਜੀਤ ਸਿੰਘ ਗਰੇਵਾਲ
647-280-7156

ਸ. ਅਮਰਜੀਤ ਸਿੰਘ ਮਾਨ
647-822-3608





# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੰਘਰਸ਼ ਦੀ ਹੋਈ ਜਿੱਤ

## ਜ਼ਖਮੀ ਅਤੇ ਸ਼ਹੀਦ ਕਿਸਾਨਾਂ ਮਜਦੂਰਾਂ ਦੇ ਮਿਲੇ ਮੁਆਵਜੇ, ਨੌਕਰੀਆਂ ਦੀ ਕਵਾਇਦ ਸ਼ੁਰੂ, ਪੰਜਾਬ ਪੱਧਰੀ ਮੰਗਾਂ ਲਈ 5 ਅਕਤੂਬਰ ਨੂੰ ਚੰਡੀਗੜ੍ਹ ਵਿੱਚ ਮੀਟਿੰਗ

**ਚੰਡੀਗੜ੍ਹ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸੂਬਾ ਆਗੂ ਸਰਵਣ ਸਿੰਘ ਪੰਧੇਰ ਅਤੇ ਜਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਦੀ ਅਗਵਾਈ ਹੇਠ ਸ਼ੁਰੂ ਕੱਲ੍ਹ ਦੇ ਡੀਸੀ ਦਫ਼ਤਰ ਮੋਰਚੇ ਦੌਰਾਨ ਫੇਲ ਹੋਈ ਗੱਲ ਬਾਤ ਤੋਂ ਬਾਅਦ ਅੱਜ ਜਥੇਬੰਦੀ ਵੱਲੋਂ ਰੇਲ ਰੋਕੋ ਮੋਰਚਾ ਸ਼ੁਰੂ ਕਰਨ ਦੇ ਐਲਾਨ ਕੀਤਾ ਗਿਆ ਸੀ, ਜਥੇਬੰਦੀ ਵੱਲੋਂ ਸਰਕਾਰ ਅਤੇ ਪ੍ਰਸ਼ਾਸਨ ਨੂੰ 12 ਵਜੇ ਤੱਕ ਦਾ ਸਮਾਂ ਦਿੱਤਾ ਗਿਆ ਸੀ ਜਿਸ ਦੇ ਚਲਦੇ ਅੱਜ ਦੇਵੀਦਾਸਪੁਰ ਵਿਖੇ ਅੰਮ੍ਰਿਤਸਰ ਦਿੱਲੀ ਰੇਲ ਮਾਰਗ ਤੇ ਪ੍ਰਸ਼ਾਸਨ ਵੱਲੋਂ ਮੰਗਾਂ ਤੇ ਕੰਮ ਕਰਦੇ ਹੋਏ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਤੇ ਇੱਕਠੇ ਹੋਏ। ਆਗੂਆਂ ਦੱਸਿਆ ਕਿ ਅੱਜ ਪ੍ਰਸ਼ਾਸਨ ਵੱਲੋਂ ਮੰਗਾਂ ਤੇ ਗੱਲਬਾਤ ਦੀ ਪੇਸ਼ਕਸ਼ ਕੀਤੀ ਗਈ ਜਿਸ ਪਿੱਛੋਂ ਡੀਸੀ ਅੰਮ੍ਰਿਤਸਰ ਵੱਲੋਂ ਕਿਸਾਨਾਂ ਮਜਦੂਰਾਂ ਵੱਲੋਂ ਰੇਲ ਟ੍ਰੈਕ ਨੇੜੇ ਜਾਰੀ ਸਟੇਜ ਤੇ ਆ ਕੇ ਆਸ਼ਵਾਸਨ ਦਿਵਾਉਂਦੇ ਦੱਸਿਆ ਕਿ ਸ਼ਹੀਦ ਪਰਿਵਾਰਾਂ ਨੂੰ 5-5 ਲੱਖ ਦਾ ਮੁਆਵਜ਼ਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦੇਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ, ਤਲਵੰਡੀ ਦੋਸੰਧਾ ਸਿੰਘ ਦੇ ਕਿਸਾਨਾਂ ਮਜਦੂਰਾਂ ਦੀ ਹਾਦਸਾਗ੍ਰਸਤ ਹੋਈ ਬੱਸ ਵਿਚ ਹੋਏ ਗੰਭੀਰ ਫੱਟੜਾਂ 1 - 1 ਲੱਖ, ਇੱਕ ਕਿਸਾਨ ਨੂੰ 50 ਹਜ਼ਾਰ ਦੇ ਚੈੱਕ ਦਿੱਤੇ ਗਏ, ਮਾਮੂਲੀ ਜਖਮੀ ਕਿਸਾਨਾਂ ਨੂੰ 10 - 10 ਹਜ਼ਾਰ ਰੁਪਏ ਦੀ ਸਹਾਇਤਾ ਅਤੇ ਬਾਕੀ ਕਿਸਾਨਾਂ ਨੂੰ ਹੋਏ ਮੈਡੀਕਲ ਦੀ ਰਿਪੋਰਟ ਮੁਤਾਬਿਕ ਇਸੇ ਤਰਜ਼ ਤੇ ਮੁਆਵਜਾ ਦੇਣ ਦੀ ਗੱਲ ਤੇ ਸਹਿਮਤੀ ਬਣੀ, ਬਜ਼ੁਰਗ ਕਿਸਾਨਾਂ ਮਜਦੂਰਾਂ ਨੂੰ ਬੁਢਾਪਾ ਪੈਨਸ਼ਨਾਂ ਅਤੇ ਅੰਗ ਗਵਾ ਚੁੱਕੇ ਕਿਸਾਨਾਂ ਨੂੰ ਅੰਗਹੀਣ ਪੈਨਸ਼ਨ ਦਿੱਤੀ ਜਾਵੇਗੀ, ਭਾਰਤ ਮਾਲਾ ਪ੍ਰੋਜੈਕਟ ਤੇ ਪ੍ਰਸ਼ਾਸਨ ਵੱਲੋਂ ਆਸ਼ਵਾਸਨ ਦੁਆਇਆ ਗਿਆ ਕਿ ਜਮੀਨਾ ਦੇ ਯੋਗ ਮੁਆਵਜੇ ਦਿੱਤੇ ਬਿਨਾਂ ਪੁਲਸੀਆ ਧੱਕਾ ਕਰਕੇ ਕਬਜ਼ੇ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਵੇਗੀ, ਪਰਾਲੀ ਦੇ ਮੁੱਦੇ ਤੇ ਓਹਨਾ ਕਿਹਾ ਕਿ ਪ੍ਰਸ਼ਾਸਨ ਵਲੋਂ ਪਰਾਲੀ ਸਾਂਭਣ ਲਈ ਵੱਡੀ ਗਿਣਤੀ ਵਿੱਚ ਬੇਲਰ ਮੁਹਈਆ ਕਰਵਾਏ ਜਾ ਰਹੇ ਹਨ, ਡੀ. ਏ. ਪੀ. ਸਬੰਧੀ ਆ ਰਹੀ ਮੁਸ਼ਿਕਲ ਤੇ ਵਿਸ਼ਵਾਸ ਦੁਆਇਆ ਗਿਆ ਕਿ ਜ਼ਿਲ੍ਹੇ ਵਿੱਚ ਸਾਰੀਆਂ ਪ੍ਰਾਈਵੇਟ ਦੁਕਾਨਾਂ ਦੇ ਬਾਹਰ ਖਾਦ ਦੇ ਸਟੋਕ ਦੀ ਜਾਣਕਾਰੀ ਲਿਖਤੀ ਰੂਪ ਵਿੱਚ ਲਿਖੀ ਜਾਵੇਗੀ ਅਤੇ ਪਾਲਸੀ ਸਬੰਧੀ ਗੱਲ ਸਰਕਾਰ ਕੋਲ ਚੱਕੀ ਜਾਵੇਗੀ, ਅਵਾਰਾ ਪਸ਼ੂਆਂ ਦੇ ਹੱਲ ਲਈ ਇੰਤਜ਼ਾਮ ਜੰਗੀ ਪੱਧਰ ਤੇ ਕੀਤੇ ਜਾ ਰਹੇ ਹਨ, ਐਸ ਐਸ ਪੀ ਅੰਮ੍ਰਿਤਸਰ ਵੱਲੋਂ ਨਸ਼ੇ ਤੇ ਤਿੱਖੇ ਐਕਸ਼ਨ ਲੈਣ ਦਾ ਭਰੋਸਾ ਦਵਾਇਆ, ਪ੍ਰਸ਼ਾਸਨ ਵੱਲੋਂ ਪੰਜਾਬ ਪੱਧਰ ਤੇ ਦਿੱਲੀ ਅੰਦੋਲਨ 1 ਅਤੇ 2 ਦੇ ਸ਼ਹੀਦ ਪਰਿਵਾਰਾਂ ਦੀਆਂ ਨੌਕਰੀਆਂ ਅਤੇ ਬਾਕੀ ਰਹਿੰਦੇ ਮੁਆਵਜਿਆਂ ਅਤੇ ਨੀਤੀ ਪਾਲਸੀ ਨਾਲ ਸਬੰਧਿਤ ਮੰਗਾਂ ਲਈ 5 ਅਕਤੂਬਰ ਨੂੰ ਪ੍ਰਿੰਸੀਪਲ ਸਕੱਤਰ ਸੀ ਐਮ ਅਤੇ ਹੋਰ ਪ੍ਰਸ਼ਾਸ਼ਿਨਕ ਅਧਿਕਾਰੀਆਂ ਨਾਲ ਜਥੇਬੰਦੀ ਦੇ ਆਗੂਆਂ ਦੀ ਮੀਟਿੰਗ ਹੋਵੇਗੀ। ਇਸ ਮੌਕੇ ਸਟੇਜ ਤੋਂ ਲੋਕਾਂ ਨੂੰ 3 ਅਕਤੂਬਰ ਨੂੰ ਲਖੀਮਪੁਰ ਖੀਰੀ ਕਤਲਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਦੇਸ਼ ਭਰ ਵਿੱਚ ਰੇਲਾਂ ਰੋਕਣ ਦੇ ਪ੍ਰੋਗਰਾਮ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਗੁਰਬਚਨ ਸਿੰਘ ਚੱਬਾ, ਕੰਧਾਰਾ ਸਿੰਘ, ਸਕੱਤਰ ਸਿੰਘ ਕੋਟਲਾ, ਬਾਜ਼ ਸਿੰਘ ਸਾਰੰਗੜਾ, ਬਲਵਿੰਦਰ ਸਿੰਘ ਬਿੰਦੂ, ਲਖਵਿੰਦਰ ਸਿੰਘ ਡਾਲਾ, ਗੁਰਦੇਵ ਸਿੰਘ ਗੱਗੋਮਾਹਲ, ਕੁਲਜੀਤ ਸਿੰਘ ਕਾਲੇ, ਸੁਖਦੇਵ ਸਿੰਘ ਚਾਟੀਵਿੰਡ, ਸਵਿੰਦਰ ਸਿੰਘ ਰੂਪੋਵਾਲੀ, ਮੰਗਜੀਤ ਸਿੰਘ ਸਿੱਧਵਾਂ, ਕੰਵਰਦਲੀਪ ਸੈਦੋਲੇਹਲ ਸਮੇਤ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਅਤੇ ਔਰਤਾਂ ਹਾਜ਼ਿਰ ਹੋਏ।

ਆਵਾਜ਼ਿ ਕੌਮ AWAZE QAUM International Newspaper & WEB TV



# ਗੁਰਦਾਸ ਮਾਨ ਹੋਰੀ ਟਰੈਕ ਹੀ ਗਲਤ ਚੱਕੀ ਬੈਠੇ ਆ...!



ਗੁਰਦਾਸ ਮਾਨ ਹੋਰੀ ਟਰੈਕ ਹੀ ਗਲਤ ਚੱਕੀ ਬੈਠੇ ਆ। ਇਹਨਾ ਨੂੰ ਸਮਝ ਹੀ ਨਹੀਂ ਆ ਰਿਹਾ ਕਿ ਮੇਰੇ ਨਾਲ ਵਾਪਰ ਕੀ ਰਿਹਾ। ਅਸਲ ਵਿੱਚ ਕਿਰਦਾਰ ਚੰਗੇ ਮਾੜੇ ਹੋ ਸਕਦੇ ਆ ਵਿਰੋਧ ਕਰਨ ਵਾਲਿਆਂ ਵਿੱਚ ਵੀ ਗਲਤ ਬੰਦੇ ਹੋ ਸਕਦੇ ਆ ਤੇ ਪੱਖ ਲੈਂਣ ਵਾਲਿਆਂ ਵਿੱਚ ਵੀ ਪਰ ਜਦੋਂ ਤੁਸੀਂ ਪੰਥ ਨਾਲ ਮੱਥਾ ਲਾ ਕੇ ਬੈਠ ਜਾਂਦੇ ਹੋ ਤਾਂ ਓਹ ਮੇਹਣਾ ਤੁਹਾਡਾ ਸਦੀਆਂ ਤੀਕ ਪਿੱਛਾ ਕਰਦਾ।

ਕੱਲਾ ਬੋਲੀ ਕਰਕੇ ਜਾਂ ਗਾਣਿਆਂ ਕਰਕੇ ਤੁਹਾਡਾ ਵਿਰੋਧ ਨਹੀਂ ਹੋ ਰਿਹਾ। ਤੁਸੀਂ ਕੌਮ ਦੀ ਨੌਜਵਾਨੀ ਨੂੰ ਕੁਰਾਹੇ ਪਾਇਆ। ਜਦੋਂ ਕੌਮ ਦੇ ਨੌਜਵਾਨ ਆਪਣੀ ਅਣਖ ਦੀ ਲੜਾਈ ਲੜ ਰਹੇ ਸਨ ਉਸ ਸਮੇਂ ਤੁਸੀਂ ਪੈਰਾਂ ਵਿੱਚ ਘੁੰਗਰੂ ਬੰਨ ਲਏ ਅਤੇ ਤਲਵਾਰਾਂ ਦੇ ਖੜਾਕ ਤੇ ਨੱਚਦੀ ਹੋਈ ਨੌਜਵਾਨੀ ਨੂੰ ਆਪਣੇ ਡੇਰਿਆਂ ਅੰਦਰ ਨੱਚਣ ਲਾਇਆ। ਤੁਸੀਂ ਐਡੇ ਵੱਡੇ ਸੰਘਰਸ਼ ਦਾ ਮਲੀਆ ਮੇਟ ਕਰ ਦਿੱਤਾ ਜਿਸ ਦਾ ਨਤੀਜਾ ਕੌਮ ਅੱਜ ਤੱਕ ਭੁਗਤ ਰਹੀ ਆ। ਜਦੋਂ ਸਿੱਖੀ ਅਤੇ ਪੰਜਾਬੀਅਤ ਨੂੰ ਇੱਕੋ ਥਾਲੀ ਵਿੱਚ ਰੱਖ ਕੇ ਸਾਡੇ ਨੌਜਵਾਨਾਂ ਨੂੰ ਜਹਿਰ ਵੰਡਿਆ। ਤੁਸੀਂ ਸਿੱਖੀ ਦਾ ਨਿਆਰਾਪਣ ਖਤਮ ਕਰਨ ਦੀ ਜੁਰਤ ਕੀਤੀ,,ਤੁਸੀਂ ਹਕੂਮਤਾਂ ਨੂੰ ਇੱਕ ਸੌਖਾ ਰਾਸਤਾ ਦਿਖਾਇਆ ਸਿੱਖਾਂ ਦੀ ਨਸਲਕੁਸ਼ੀ ਕਰਨ ਦਾ,,ਜਾਣੇ ਵਿੱਚ ਜਾ ਅਣਜਾਣੇ ਵਿੱਚ ਇਹ ਤੁਸੀਂ ਖੁਦ ਜਾਣਦੇ ਜੋ। ਤੁਸੀਂ ਆਪ ਗੁਰੂ ਦਾ ਦਰ ਛੱਡਿਆ ਤੇ ਇੱਕ ਡੇਰੇ ਨੂੰ ਮਿਥ ਕੇ ਪੰਜਾਬ ਵਿੱਚ ਪ੍ਰਮੋਟ ਕੀਤਾ। ਓਥੇ ਸੁਲਫੇ ਅਤੇ ਸੂਟੇ ਦੀ ਰੱਜ ਕੇ ਵਰਤੋਂ ਕੀਤੀ ਗਈ ਪਰ ਤੁਹਾਡੀ ਜੁਬਾਨ ਚੋਂ ਕਦੇ ਨਹੀਂ ਨਿਕਲਿਆ ਕਿ ਨੌਜਵਾਨੋਂ ਇਹ ਨਸ਼ਾ ਤੁਹਾਡੇ ਲਈ ਨਹੀਂ। ਤੁਸੀਂ ਇਸ ਦੀ ਵਰਤੋਂ ਏਥੇ ਆ ਕੇ ਨਹੀਂ ਕਰਨੀ। ਅਖੌਤੀ ਮਸਤੀ ਦੇ ਨਾਮ ਤੇ ਗੁਮਰਾਹ ਕੀਤਾ ਗਿਆ। ਓਹ ਮਸਤੀ ਕਾਹਦੀ ਜਿਹੜੀ ਸ਼ਾਮ ਨੂੰ ਚੜ੍ਹੀ ਤੇ ਸੁਬਹ ਤੱਕ ਉੱਤਰ ਗਈ। ਮਸਤੀ ਓਹ ਸੀ ਖੋਪੜ ਤੱਕ ਲਹਿ ਗਏ,,ਲੱਤਾਂ ਕੱਟ ਦਿੱਤੀਆਂ ਗਈਆਂ,,ਉਂਗਲਾਂ ਦੇ ਨਹੁੰ ਇੱਕ ਇੱਕ ਕਰਕੇ ਕੱਟ ਦਿੱਤੇ ਗਏ ਤੇ ਜਦੋਂ ਤੱਤਾ ਸ਼ਰੀਆ ਕਰਕੇ ਅੱਖਾਂ ਵਿੱਚੋਂ ਆਰ ਪਾਰ ਕਰ ਦਿੱਤਾ ਤੇ ਸੁਕਰਾਨਾ ਕੀਤਾ ਕਿ ਸਤਿਗੁਰਾ ਮੈਂ ਤੇਰੀ ਪ੍ਰਿਖਿਆ ਵਿੱਚੋਂ ਆਖ਼ਰੀ ਸਾਹ ਤੱਕ ਸਫਲ ਹੋ ਕੇ ਨਿਕਲਾਂ। ਜਿਹੜੇ ਕੇਪੀ ਐਸ ਗਿੱਲ ਦੇ ਤੂੰ ਪੈਰਾਂ ਵਿੱਚ ਬੈਠਾ ਰਿਹਾ ਓਸ ਕੇਪੀ ਐਸ ਗਿੱਲ ਦੇ ਰਛਪਾਲ ਸਿੰਘ ਛੰਦੜੇ ਨੇ ਮੂੰਹ ਤੇ ਥੁੱਕ ਦਿੱਤਾ ਓਹ ਸੀ ਮਸਤੀ ਜਿਹੜੀ ਸਿੱਖਾਂ ਦੇ ਆਖ਼ਰੀ ਸਾਹ ਤੱਕ ਨਾਲ ਗਈ।

ਅਖੇ ਜੀ ਮੈਂ ਸਿੱਖੀ ਲਈ ਗੀਤ ਗਾਏ,,ਤੇ ਭਾਈ ਕੀ ਅਹਿਸਾਨ ਕੀਤਾ ?? ਮਹਾਰਾਜ ਕਹਿੰਦਾ ਕਿ ਜੇ ਸਭਿ ਮਿਲਿ ਕੈ ਆਖਣ ਪਾਹਿ ॥ਵਡਾ ਨ ਹੋਵੈ ਘਾਟਿ ਨ ਜਾਇ ॥ ਤੁਸੀਂ ਕਿਣਕਾ ਮਾਤਰ ਵੀ ਇਤਿਹਾਸ ਨਹੀਂ ਦੱਸਿਆ। ਤੁਹਾਡੇ ਕੋਲ ਇੱਕੋ ਰਾਸਤਾ ਕਿ ਗੁਰੂ ਰਾਮਦਾਸ ਦੇ ਚਰਨਾਂ ਵਿੱਚ ਭੁੱਲ ਬਖਸ਼ਾ ਕੇ ਸਿੱਖੀ ਧਾਰਨ ਕਰੋ। ਹੋ ਸਕਦਾ ਸਿੱਖ ਤੁਹਾਨੂੰ ਮਾਫ ਕਰ ਦੇਣ ਨਹੀਂ ਤਾਂ ਹੋ ਸਕਦਾ ਤੁਹਾਨੂੰ ਪੰਜਾਬੀਅਤ ਸਵੀਕਾਰ ਕਰ ਲਵੇ ਪਰ ਸਿੱਖਾਂ ਦੇ ਦਿਲਾਂ ਵਿੱਚ ਤੁਹਾਨੂੰ ਕਦੇ ਜਗ੍ਹਾ ਨਹੀਂ ਮਿਲਣੀ। ਬੜੇ ਬੰਦੇ ਗਿਲਾ ਵੀ ਕਰਦੇ ਰਹਿੰਦੇ ਕੇ ਲੋਕ ਸਿੱਖੀ ਛੱਡ ਕੇ ਜਾ ਰਹੇ ਆ ਈਸਾਈ ਬਣ ਰਹੇ ਆ। ਜਿਹੜਾ ਕੱਲ ਨੂੰ ਜਾਂਦਾ ਅੱਜ ਚਲਾ ਜਾਵੇ। ਸਿੱਖੀ ਅਸੂਲਾਂ ਨਾਲ ਚਲਦੀ ਏ। ਜਦੋਂ ਸੰਘਰਸ਼ ਵੇਲੇ ਚਮਕੌਰ ਦੀ ਗੜ੍ਹੀ ਵਾਲੇ ਚਾਲੀਆਂ ਨੇ ਖੜਨਾ ਤੇ ਫੇਰ ਗੁਰਦਾਸ ਮਾਨ ਵਰਗੇ ਵਾਧੂ ਬੋਝ ਇਕੱਠਾ ਕਰਕੇ ਕਰਨਾ ਵੀ ਕੀ ਆ। ਕੋਈ ਕੁੱਝ ਮਰਜ਼ੀ ਬਣੀ ਜਾਵੇ ਜਿੱਥੇ ਜੀਹਨੂੰ ਸੌਖਾ ਸਭ ਕੁੱਝ ਮਿਲਦਾ ਚਲਾ ਜਾਵੇ ਪਰ ਸਿੱਖੀ ਸਿਰ ਵੱਟੇ ਹੀ ਮਿਲਦੀ ਏ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥  
ਸਿਰੁ ਧਰਿ ਤਲੀ ਗਲੀ ਮੇਰੀ ਆਉ ॥  
ਇਤੁ ਮਾਰਗਿ ਪੈਰੁ ਧਰੀਜੈ ॥  
ਸਿਰੁ ਦੀਜੈ ਕਾਣਿ ਨ ਕੀਜੈ ॥

**-ਅਨੰਦਪੁਰ ਤੋਂ ਖੈਹਬਰ**

## ਖੇਡਾਂ ਵਤਨ ਪੰਜਾਬ ਦੀਆਂ ਚ ਸੈਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਦੀ ਗੱਤਕਾ ਟੀਮ ਖ਼ਾਲਸੇ ਦੀ ਪਹਿਚਾਣ ਵੱਲੋਂ

# ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ ਬੱਚਿਆਂ ਗੋਲਡ ਮੈਡਲ ਹਾਸਲ ਕੀਤੇ



**ਜੰਡਿਆਲਾ ਗੁਰੂ, 25 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਜ਼ਿਲ੍ਹਾ ਲੈਵਲ ਤੇ ਸੈਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਦੀ ਗਤਕਾ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ ਇਵੈਂਟ ਖਾਲਸਾ ਸੀਨੀਅਰ ਸੈਕੰਡ ਸਕੂਲ ਅੰਮ੍ਰਿਤਸਰ ਵਿੱਚ ਹੋਇਆ। ਇਹਨਾਂ ਮੁਕਾਬਲਿਆਂ ਵਿੱਚ ਅੰਡਰ 14 ਅਤੇ ਅੰਡਰ 17 ਕੈਟਾਗਰੀ ਵਿੱਚ ਸਕੂਲ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕਰਦਿਆਂ ਮੈਡਲ ਜਿੱਤੇ। ਇਹਨਾਂ ਮੁਕਾਬਲਿਆਂ ਵਿੱਚ ਅੰਡਰ 17 ਵਿੱਚ ਫਰੀ ਸੋਟੀ ਈਵੈਂਟ ਵਿੱਚ ਇਸਦੀਪ ਸਿੰਘ ਗੋਲਡ ਮੈਡਲ ਗੁਰਸ਼ਾਨ ਸਿੰਘ ਗੋਲਡ ਮੈਡਲ ਅਤੇ ਅਰਮਾਨ ਸਿੰਘ ਨੇ ਵੀ ਗੋਲਡ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ 17 ਸਿੰਗਲ ਸੋਟੀ ਈਵੈਂਟ ਵਿਚ ਪ੍ਰਿੰਸਪ੍ਰੀਤ ਸਿੰਘ ਨੇ ਸਿਲਵਰ ਮੈਡਲ ਅਤੇ ਅਨੰਤ ਦੀਪ ਸਿੰਘ ਨੇ ਸਿਲਵਰ ਮੈਡਲ ਹਾਸਿਲ ਕੀਤਾ ਇਸੇ ਤਰ੍ਹਾਂ ਅੰਡਰ 14 ਦੇ ਮੁਕਾਬਲਿਆਂ ਵਿੱਚ ਫਰੀ ਸੋਟੀ ਈਵੈਂਟ ਵਿੱਚ ਅਰਸ਼ਦੀਪ ਸਿੰਘ ਨੇ ਸਿਲਵਰ ਮੈਡਲ ਅਤੇ ਅਜੇਦੀਪ ਸਿੰਘ ਨੇ ਵੀ ਸਿਲਵਰ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ 14 ਸਿੰਗਲ ਸੋਟੀ ਦੇ ਮੁਕਾਬਲਿਆਂ ਵਿੱਚ ਅੰਸ਼ਦੀਪ ਸਿੰਘ ਨੇ ਸਿਲਵਰ ਮੈਡਲ ਯੁਵਰਾਜ ਸਿੰਘ ਨੇ ਸਿਲਵਰ ਮੈਡਲ ਅਤੇ ਨਵਦੀਪ ਸਿੰਘ ਨੇ ਵੀ ਸਿਲਵਰ ਮੈਡਲ ਹਾਸਲ ਕੀਤਾ ਇਸੇ ਤਰ੍ਹਾਂ ਵਿਅਕਤੀਗਤ ਪ੍ਰਦਰਸ਼ਨ ਦੇ ਵਿੱਚ ਫਰੀ ਸੋਟੀ ਵਿੱਚ ਇਸ਼ਦੀਪ ਸਿੰਘ ਨੇ ਸਿਲਵਰ ਮੈਡਲ ਹਾਸਿਲ ਕੀਤਾ ਅਤੇ ਕਿਰਪਾਨ ਫਰਾਈ ਇਵੈਂਟ ਵਿਚ ਨਵਦੀਪ ਸਿੰਘ ਨੇ ਬਰੋਂਜ ਮੈਡਲ ਹਾਸਲ ਕੀਤਾ ਅਤੇ ਅਰਮਾਨ ਸਿੰਘ ਨੇ ਵੀ ਬਰੋਂਜ ਮੈਡਲ ਹਾਸਿਲ ਕੀਤਾ ਇਸ ਦੇ ਨਾਲ ਹੀ ਵਿਅਕਤੀਗਤ ਪ੍ਰਦਰਸ਼ਨ ਸਿੰਗਲ ਸੋਟੀ ਵਿੱਚ ਅੰਸ਼ਪ੍ਰੀਤ ਸਿੰਘ ਨੇ ਗੋਲਡ ਮੈਡਲ ਹਾਸਲ ਕੀਤਾ। ਸਕੂਲ ਪਹੁੰਚਣ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਜੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਜੀ ਨੇ ਜੇਤੂ ਬੱਚਿਆਂ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਉਹਨਾਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ ਜੀ ਸ਼ਿਲਪਾ ਸ਼ਰਮਾ ਜੀ ਕੋਆਰਡੀਨੇਟਰ ਨੀਲਾਕਸ਼ੀ ਗੁਪਤਾ ਕੋਆਰਡੀਨੇਟਰ ਜੀ ਸਮੂਹ ਸਟਾਫ ਅਤੇ ਬੱਚੇ ਹਾਜਰ ਸਨ।

# ਸਰਕਾਰ ਵੱਲੋਂ ਕਿਸਾਨ ਅੰਦੋਲਨ 'ਚ ਸਹੀਦ ਪਰਿਵਾਰਾਂ ਨੌਕਰੀ ਦੇਣਾ ਸਲਾਘਾਯੋਗ: ਆਪ ਆਗੂ



**ਧੂਰੀ ( ਰਣਜੀਤ ਸਿੰਘ ਪੇਧਨੀ )**-ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਦੀਆਂ ਸਰਹੱਦਾ ਤੇ ਚੱਲੇ ਲੰਮੇ ਸੰਘਰਸ਼ ਦੌਰਾਨ 700 ਦੇ ਕਰੀਬ ਕਿਸਾਨ ਭਰਾ ਸਹੀਦ ਹੋ ਗਏ ਸਨ। ਉਨ੍ਹਾਂ ਦੇ ਪਰਿਵਾਰਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਸਰਕਾਰ ਨੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਣ ਵਾਲੇ ਕਿਸਾਨਾਂ ਦੇ 30 ਵਾਰਸਾਂ ਨੂੰ ਦਿੱਤੀਆਂ ਨੌਕਰੀਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ,ਉੱਘੇ ਸਮਾਜ ਸੇਵੀ ਅੱਛਰਾ ਸਿੰਘ ਆਸਟਰੇਲੀਆ ਅਤੇ ਆਪ ਆਗੂ ਕੁਲਵਿੰਦਰ ਸਿੰਘ ਸਿੱਧੂ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੇ ਨਿਯੁਕਤੀ ਪੱਤਰਾਂ ਵਿਚ 25 ਜਣਿਆਂ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ 'ਚ ਕਲਰਕ ਅਤੇ 5 ਨੂੰ ਸੇਵਾਦਾਰ ਵਜੋਂ ਮਿਲੇ ਨਿਯੁਕਤੀ ਪੱਤਰ ਦੇ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬੀਆਂ ਦਾ ਦਿਲ ਜਿੱਤਿਆ ਅਤੇ ਸਹੀਦ ਪਰਿਵਾਰਾਂ ਨੂੰ ਰੁਜਗਾਰ ਦੇ ਕੇ ਮੱਲਮ ਦਾ ਕੰਮ ਕੀਤਾ ਹੈ।

## ਮੋਗਾ ਜਿਲੇ ਅੰਦਰ ਪ੍ਰਸ਼ਾਸਨ ਅਤੇ ਸਿਆਸੀ ਸਰਪ੍ਰਤੀ ਹੇਠ ਲੋਕਾਂ ਦੀਆਂ ਕਰੋੜਾਂ ਦੀਆਂ ਜਾਇਦਾਦਾਂ 'ਤੇ ਹੋ ਰਹੇ ਨੇ ਲਗਾਤਾਰ ਨਜਾਇਜ ਕਬਜ਼ੇ

# ਤਕਰੀਬਨ 40,50 ਪਰਿਵਾਰ ਮੋਗਾ ਛੱਡ ਕੇ ਪਲਾਇਨ ਕਰਨ ਲਈ ਹੋ ਰਹੇ ਨੇ ਮਜਬੂਰ





**ਮੋਗਾ, ਕੋਟ ਈਸੇ ਖਾਂ, 24 ਸਤੰਬਰ (ਸੁਖਮੰਦਰ ਸਿੰਘ ਸ਼ਾਂਤ)**-ਮੋਗਾ ਜਿਲੇ ਅਧੀਨ ਪੈਂਦੇ ਕਸਬੇ ਕੋਟਇਸੇ ਖਾਂ ਵਿਖੇ ਮਨਿੰਦਰ ਕੁਮਾਰ ਜਿਸਦਾ ਇੱਕ ਪਲਾਟ ਤਕਰੀਬਨ 15 ਮਰਲੇ ਦਾ ਹੈ। ਜਿਸਦੀ ਰਿਜਸਟਰੀ 5/11/2008 ਹੋਈ ਸੀ ਅਤੇ ਇਸੇ ਜਗਾ ਦਾ ਇੰਤਕਾਲ ਮੇਰੇ ਨਾਮ ਤੇ ਹੀ ਬੋਲਦਾ ਸੀ। ਜਦੋ 11,9,2024 ਨੂੰ ਆਪਣੀਆ ਦੁਕਾਨਾ ਦਿਖਾਉਣ ਲਈ ਆਏ ਤਾ ਸਾਡੇ ਪਲਾਟ ਦੇ ਕੋਲ ਪ੍ਰੀਤਮ,ਦੂਆ,ਸੋਨੂੰ ਅਰੋੜਾ,ਅੰਮਿਤ ਬਜਾਜ ਦੇ ਕੋਲ ਪਲਾਟ ਤੇ ਕਬਜਾ ਕਰਨ ਦੀ ਯੋਜਨਾ ਬਣਾ ਰਹੇ ਸਨ। ਉਸ ਸਾਰੇ ਮਾਮਲੇ ਦੀ ਸੂਚਨਾ ਤੁਰੰਤ ਕੋਟਇਸੇ ਖਾਂ ਨੂੰ ਦਿੱਤੀ। ਸਾਰਾ ਮਾਮਲਾ ਧਿਆਨ ਵਿੱਚ ਲਿਆਦਾ ਅਤੇ ਕੋਰਟ ਨੇ ਸਾਨੂੰ ਸਟੇਅ ਆਰਡਰ ਵੀ ਦੇ ਦਿੱਤਾ। ਦੂਸਰੀ ਧਿਰ ਜਦੋ ਸਾਰੇ ਮਾਮਲੇ ਬਾਰੇ ਰਿੰਕੂ ਕਪੂਰ ਪੁੱਤਰ ਰਾਮਸਰੂਪ ਕਪੂਰ ਨਾਲ ਗੱਲਕੀਤੀ ਤਾ ਉਹਨਾ ਕਿ ਕਿਹਾ। ਕਿ ਮੇਰਾ ਇਸ ਪਲਾਟ ਤੇ ਕੋਈ ਕਬਜਾ ਨਹੀਂ ਕੀਤਾ ਤੇ ਇਹ ਪਲਾਂਟ ਮੈ ਇੰਦਰਜੀਤ ਪਲੱਟਾ ਤੋ ਲਿਆਂ ਹੈ,ਸਾਡੇ 15 ਮਰਲੇ ਵੱਡੇ ਤੇ ਜਿਸ ਦੀ ਚਾਰ ਦੀਵਾਰੀ ਕੀਤੀ ਹੋਈ ਹੈ। ਜਿਸ ਇਹ ਤਾਂ ਰਜਿਸਟਰੀ ਤੇ ਇੰਤਕਾਲ ਮੇਰੇ ਕੋਲ ਹੈ। ਮੇਰਾ ਇਹਨਾਂ ਨਾਲ ਕੋਈ ਲੈਣਾ ਦੇਣਾ ਨਹੀਂ, ਜੇ ਕੋਈ ਗੱਲ ਇਹ ਤਾਂ ਇਹ ਇੰਦਰਜੀਰਮਤ ਪੱਲਟਾ ਦੇ ਨਾਲ ਗੱਲ ਕਰਨਾ। ਹੁਣ ਇਸ ਵਿੱਚ ਕਸੂਰਵਾਰ ਕਿਹਨੂੰ ਗਿਣਿਆ ਜਾਏ ਕਿ ਕਿੱਦਾਂ ਇੱਕ ਪਰਿਵਾਰ ਦੀਆਂ ਰਜਿਸਟਰੀ ਤੇ ਸਾਰੇ ਕਾਗਜ ਦੋਨਾਂ ਦੇ ਕੋਲ ਹਨ। ਕੌਣ ਹੈ ਕਸੂਰ ਵਾਰ ਪ੍ਰਸ਼ਾਸਨ ਕਰੇ ਬੜੀ ਡੂੰਘਾਈ ਦੇ ਨਾਲ ਇਸ ਮਸਲੇ ਦੀ ਤਪਤੀਸ਼ ਕਿਉਂਕਿ ਗੱਲ ਛੋਟੀ ਨਹੀਂ ਇਹ ਪਲਾਟ ਕਰੋੜਾਂ ਦੀ ਕੀਮਤ ਦਾ ਹੈ ਕਿਸ ਦੇ ਨਾਲ ਹੋ ਰਿਹਾ ਹੈ ਧੱਕਾ, ਕੀ ਪਰਿਵਾਰ ਨੂੰ ਮਿਲੇਗਾ ਇਨਸਾਫ। ਉਹਨਾਂ ਦੱਸਿਆ ਸਰ ਜੀ ਜਿਹੜਾ ਪਲਾਟ ਆ ਇਸਦੀ ਕੀਮਤ ਲਗਭਗ 2,50 ਕਰੋੜ ਬਣਦੀ ਹੈ ਜੀ।

# ਤਰਸੇਮ ਸਿੰਘ ਸੇਮਾ ਪਿੰਡ ਵਾਲੇ ਨੂੰ ਸਦਮਾ ਨੌਜਵਾਨ ਪੁੱਤਰ ਦੀ ਅਚਨਚੇਤ ਮੌਤ



**ਬਠਿੰਡਾ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਵ. ਗੁਰਨਾਮ ਸਿੰਘ ਸਰਪੰਚ ਪਿੰਡ ਵਾਲਾ ਬੁਰਜ ਮਹਿਮਾ ਦੇ ਪੋਤਰੇ ਤਰਸੇਮ ਸਿੰਘ ਸੇਮਾ ਨੂੰ ਉਸ ਵੇਲੇ ਬਹੁਤ ਡੂੰਘਾ ਸਦਮਾ ਪਹੁੰਚਿਆ ਜਦੋਂ ਉਹਨਾਂ ਦੇ ਨੌਜਵਾਨ ਛੋਟੇ ਪੁੱਤਰ ਬਿਕਰਮਜੀਤ ਸਿੰਘ ਦੀ ਅਚਨਚੇਤ ਮੌਤ ਹੋ ਗਈ। ਵ੍ਰੱਤਕ ਆਪਣੇ ਪਿੱਛੇ ਮਾਤਾ ਪਿਤਾ, ਭਰਾ,ਪਤਨੀ,ਧੀ ਛੱਡ ਗਿਆ। ਵ੍ਰੱਤਕ ਦਾ ਵੱਡਾ ਭਾਈ ਰਕਿੰਦਰ ਸਿੰਘ ਬਰਾੜ ਕਨੇਡਾ ਵਿੱਚ ਪਰਿਵਾਰ ਸਮੇਤ ਰਹਿ ਰਿਹਾ ਹੈ। ਬਿਕਰਮਜੀਤ ਸਿੰਘ ਦੀ ਮਾਤਾ ਵੀ ਥੋੜੇ ਦਿਨ ਤੋ ਕਨੇਡਾ ਗਈ ਹੋਈ ਹੈ। ਵਾਹਿਗੁਰੂ ਇਹਨਾ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਸਾਬਕਾ ਸਰਪੰਚ ਦੇ ਪਰਿਵਾਰ ਵਿੱਚ ਪਹਿਲਾਂ ਵੀ ਬਹੁਤ ਕਹਿਰ ਦੀਆਂ ਮੌਤਾਂ ਹੋ ਚੁੱਕੀਆਂ ਹਨ।

# ਆਪ ਸਰਕਾਰ ਵਿੱਚ ਲੁੱਟਾਂ ਖੋਹਾਂ,ਡਕੈਤੀਆਂ ਅਤੇ ਨਸ਼ਾ ਤਸਕਰਾਂ ਦਾ ਬੋਲ ਬਾਲਾ : ਗੁਰਮੀਤ ਸਿੰਘ ਬਰੜਵਾਲ



**ਧੂਰੀ, ( ਰਣਜੀਤ ਸਿੰਘ ਪੇਧਨੀ )**-ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਤੇ ਪੰਜਾਬ ਦੇ ਮੁੱਖ ਮੰਤਰੀ- ਕਮ-ਗ੍ਰਹਿ ਮੰਤਰੀ ਭਗਵੰਤ ਮਾਨ ਦੀ ਪੰਜਾਬ ਵਿੱਚ ਅਮਨ- ਕਾਨੂੰਨ ਦੀ ਸਥਿਤੀ ਦਿਨ ਬ ਦਿਨ ਬਦ ਤੋਂ ਬਦਤਰ ਹੋਣ ਤੇ ਤਿੱਖੀ ਆਲੋਚਨਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਜਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ ਬਰੜਵਾਲ ਨੇ ਕਿਹਾ ਕਿ ਵੱਧ ਰਹੇ ਗੈਂਗ, ਅਪਰਾਧ, ਜਬਰੀ ਵਸੂਲੀ ਦੀਆਂ ਕਾਲਾਂ ਅਤੇ ਹੋਰ ਛੋਟੇ-ਮੋਟੇ ਅਪਰਾਧਾਂ ਨੇ ਪੰਜਾਬ ਦੇ ਭਾਈਚਾਰੇ ਵਿੱਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਰ ਪਿੰਡ ਅਤੇ ਕਸਬੇ ਦੇ ਲੋਕ, ਖਾਸ ਕਰਕੇ ਔਰਤਾਂ, ਲੁੱਟਾਂ ਖੋਹਾਂ ਅਤੇ ਡਕੈਤੀਆਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਹਨ। ਇਸੇ ਤਰ੍ਹਾਂ ਗੈਂਗਸਟਰਾਂ ਤੇ ਜਬਰੀ ਵਸੂਲੀ ਦੀਆਂ ਕਾਲਾਂ ਆਉਣਾ ਸ਼ਹਿਰਾਂ ਦੇ ਕਾਰੋਬਾਰੀ ਭਾਈਚਾਰੇ ਲਈ ਇਕ ਨਵੀਂ ਆਮ ਗੱਲ ਬਣ ਗਈ ਹੈ। ਉਨ੍ਹਾਂ ਕਿਹਾ ਕਿ ਫਿਰ ਵੀ ਪੁਲਿਸ ਨੂੰ ਅਜਿਹੇ ਅਪਰਾਧਾਂ 'ਤੇ ਸਮੇਂ ਸਿਰ ਕਾਰਵਾਈ ਕਰਨ ਦੀ ਕੋਈ ਪਰਵਾਹ ਨਹੀਂ ਹੈ। ਕਿਸੇ ਸੂਬੇ ਦਾ ਗ੍ਰਹਿ ਮੰਤਰੀ ਕਾਨੂੰਨ ਵਿਵਸਥਾ ਦੀ ਸਥਿਤੀ ਬਣਾਈ ਰੱਖਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੁੰਦਾ ਹੈ। ਹਾਲਾਂਕਿ, ਪੰਜਾਬ ਵਿੱਚ ਮੁੱਖ ਮੰਤਰੀ-ਕਮ-ਗ੍ਰਹਿ ਮੰਤਰੀ ਅਸਫਲ ਰਹੇ ਹਨ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਨਸ਼ਿਆਂ ਦੀ ਦੁਰਵਰਤੋਂ, ਨਸ਼ਿਆਂ ਦੀ ਓਵਰਡੋਜ਼ ਕਾਰਨ ਹੋਈਆਂ ਮੌਤਾਂ ਅਤੇ ਨਸ਼ਾ ਤਸਕਰੀ ਦੇ ਮਾਮਲੇ ਵੱਧ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਖਾਲਸਾ ਅਕੈਡਮੀ ਵਿਖੇ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਮੈਚਾਂ ’ਚ

# ਅਕੈਡਮੀ ਦੇ ਖਿਡਾਰੀਆਂ ਦੀ ਝੰਡੀ




**ਚੌਂਕ ਮਹਿਤਾ, 24 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੀ ਰਹਿਨੁਮਾਈ ਹੇਠ ਚੱਲ ਰਿਹਾ ਵਿਦਿਅਕ ਅਦਾਰਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਮਹਿਤਾ ਚੌਂਕ ਵਿਖੇ ਸੀ.ਬੀ.ਐਸ.ਈ. ਨੋਰਥ ਜੋਨ ਟੂ ਦੇ ਹਾਕੀ ਦੇ ਮੈਚ 21 ਸਤੰਬਰ ਤੋਂ ਲਗਾਤਾਰ ਚ ਖੇਡੇ ਜਾ ਰਹੇ ਸਨ ।ਇਸ ਦੌਰਾਨ ਫਾਈਨਲ ਵਿੱਚ ਪਹੁੰਚੀਆਂ ਟੀਮਾਂ ਦੇ ਵਿਚਕਾਰ ਫਸਵੇਂ ਮੈਚ ਹੋਏ, ਅਤੇ ਇਨ੍ਹਾਂ ਮੁਕਾਬਲਿਆਂ ਵਿਚ ਖਾਲਸਾ ਅਕੈਡਮੀ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ। ਅੰਡਰ 14 ਲੜਕੀਆਂ ਦੀਆਂ ਟੀਮਾਂ ਵਿਚ ਆਰੀਆ ਗਰਲਜ ਪਬਲਿਕ ਸਕੂਲ ਪਾਣੀਪਤ ਹਰਿਆਣਾ, ਅੰਡਰ 17 ਗਰਲਜ ਲਿਟਲ ਐਂਗਲ ਸਕੂਲ ਸੋਨੀਪਤ, ਅੰਡਰ 19 ਲਿਟਲ ਐਂਗਲ ਸਕੂਲ ਸੋਨੀਪਤ ਨੇ ਜਿੱਤ ਪ੍ਰਾਪਤ ਕੀਤੀ ।ਇਸੇ ਤਰਾਂ ਅੰਡਰ 14 ਲੜਕੇ ਡੀ.ਏ.ਵੀ. ਪੁਲਿਸ ਪਬਲਿਕ ਸਕੂਲ ਕਰਨਾਲ ਹਰਿਆਣਾ, ਅੰਡਰ 17 ਲੜਕੇ ਖਾਲਸਾ ਅਕੈਡਮੀ ਮਹਿਤਾ ਚੌਂਕ, ਅੰਡਰ 19 ਖਾਲਸਾ ਅਕੈਡਮੀ ਮਹਿਤਾ ਚੌਂਕ ਨੇ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਖਾਲਸਾ ਅਕੈਡਮੀ ਮਹਿਤਾ ਚੌਂਕ ਦਾ ਨਾਮ ਰੋਸ਼ਨ ਕੀਤਾ।

ਇਸ ਸਮੇਂ ਖਾਲਸਾ ਅਕੈਡਮੀ ਦੇ ਵਿਦਿਆਰਥੀ ਹਾਕੀ ਉਲੰਪੀਅਨ ਜਰਮਨਪ੍ਰੀਤ ਸਿੰਘ ਬੱਲ ਮੁੱਖ ਮਹਿਮਾਨ ਵੱਜੋ ਪਹੁੰਚੇ, ਜਿਨਾਂ ਦੇ ਵੱਲੋਂ ਜੇਤੂ ਟੀਮਾਂ ਨੂੰ ਇਨਾਮ ਤਕਸੀਮਾ ਕੀਤੇ ਗਏ। ਉਨ੍ਹਾਂ ਦੇ ਨਾਲ ਖਿਡਾਰੀਆਂ ਦੀ ਹੌਸਲਾ ਅਫਜਾਈ ਕਰਨ ਵਾਸਤੇ ਦਮਦਮੀ ਟਕਸਾਲ ਤੋਂ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਭਾਈ ਸੁਖਦੇਵ ਸਿੰਘ ਜੀ, ਇੰਸ. ਗੁਰਮੇਜ ਸਿੰਘ, ਸਰਪੰਚ ਕਸ਼ਮੀਰ ਸਿੰਘ ਕਾਲਾ, ਠੇਕੇਦਾਰ ਲਖਵਿੰਦਰ ਸਿੰਘ ਜਲਾਲ ਉਸਮਾਂ, ਅਮਰਪਾਲ ਸਿੰਘ, ਬਲਕਾਰ ਸਿੰਘ ਪੀ.ਬੀ.ਐਸ, ਬਲਵਿੰਦਰ ਸਿੰਘ ਬੱਲ, ਜਰਮਨਜੀਤ ਸਿੰਘ, ਗੁਰਪ੍ਰੀਤ ਸਿੰਘ ਜਲਾਲਉਸਮਾ ਸੀ.ਬੀ.ਐਸ.ਈ ਅਬਜ਼ਰਵਰ ਪ੍ਰੈਸ ਰਿਪੋਰਟਸ ਅਤੇ ਖਾਸ ਤੌਰ ਤੇ ਕੇ.ਪੀ. ਸ਼ਰਮਾ ਬਠਿੰਡਾ ਤੋਂ ਇਥੇ ਪਹੁੰਚੇ। ਇਸ ਮੌਕੇ ਸਕੂਲ ਦੇ ਡਾਇਰੈਕਟਰ ਪ੍ਰਿੰ. ਡਾ. ਜਤਿੰਦਰ ਕੁਮਾਰ ਸ਼ਰਮਾ ਨੇ ਜੇਤੂ ਟੀਮਾਂ ਨੂੰ ਅਤੇ ਉਨਾਂ ਦੇ ਕੋਚਾਂ ਨੂੰ ਵਧਾਈ ਦਿੱਤੀ। ਇਸ ਖੇਡ ਸਮਾਗਮ ਦੌਰਾਨ ਕਾਲਜ ਪ੍ਰਿੰ. ਗੁਰਦੀਪ ਸਿੰਘ ਜਲਾਲਉਸਮਾ, ਹਰਸ਼ਦੀਪ ਸਿੰਘ ਡਾਇਰੈਕਟਰ ਦਸ਼ਮੇਸ਼ ਵਿਦਿਅਕ ਸੰਸਥਾਵਾਂ, ਕੋਚ ਬਲਜਿੰਦਰ ਸਿੰਘ ਰੰਧਾਵਾ, ਮਨਮੀਤ ਸਿੰਘ, ਦਮਨਦੀਪ ਸਿੰਘ, ਹਰਜੀਤ ਕੌਰ, ਸਮੂਹ ਅਧਿਆਪਕ ਸਾਹਿਬਾਨ ਹਾਜਰ ਸਨ।

## ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-3 • ਕੁੜੀਆਂ ਦੇ ਹੋਏ ਹੋਏ ਫਸਵੇਂ ਮੁਕਾਬਲੇ

# ਕੁਸ਼ਤੀਆਂ ਵਿੱਚ ਕੁੜੀਆਂ ਵਿੱਚ 21 ਸਾਲਾ ਵਰਗ ਵਿੱਚ ਨਵਜੋਤ ਕੌਰ ਘੁੱਦਾ ਨੇ ਮਾਰੀ ਬਾਜ਼ੀ







**ਬਠਿੰਡਾ, 25 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਮੁੱਖ ਮੰਤਰੀ ਭਗਵੰਤ ਸਿੰਘ ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜਿਲ੍ਹਾ ਡਿਪਟੀ ਕਮਿਸ਼ਨਰ ਸ੍ਰੀ ਸੌਕਤ ਅਹਿਮਦ ਪਰੇ ਜੀ ਦੀ ਰਹਿਨੁਮਾਈ ਵਿੱਚ ਅਤੇ ਜਿਲ੍ਹਾ ਖੇਡ ਅਫਸਰ ਪਰਮਿੰਦਰ ਸਿੰਘ ਦੀ ਅਗਵਾਈ ਵਿੱਚ ਅੱਜ ਖੇਡਾਂ ਵਤਨ ਪੰਜਾਬ ਦੀਆਂ ਸੀਜਨ- 3 ਕਰਵਾਈਆਂ ਜਾ ਰਹੀਆਂ ਹਨ ।ਮੀਡੀਆ ਟੀਮ ਤੋਂ ਬਲਵੀਰ ਸਿੱਧੂ ਬਠਿੰਡਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਸਟੇਡੀਅਮ ਬਠਿੰਡਾ ਵਿਖੇ ਚੱਲ ਰਹੇ ਮੁਕਾਬਲਿਆਂ ਵਿੱਚ ਕੁਸ਼ਤੀਆਂ ਲੜਕੀਆਂ ਅਤੇ ਮੈਦਾਨਾਂ ਵਿੱਚ ਨਤੀਜੇ ਇਸ ਤਰ੍ਹਾਂ ਕੁਸ਼ਤੀਆਂ ਲੜਕੀਆਂ ਅੰਡਰ- 14 ਸਾਲਾ 30 ਕਿਲੋ ਭਾਰ ਵਰਗ ਵਿੱਚ ਰਮਨਜੋਤ ਕੌਰ ਨੇ ਪਹਿਲਾ, ਨਵਨੀਤ ਕੌਰ ਬੰਗੀ ਕਲਾ, ਅੰਸਲੀਨ ਕੌਰ ਅਤੇ ਨਵਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 46 ਕਿਲੋ ਭਾਰ ਵਰਗ ਵਿੱਚ ਜਸ਼ਨਦੀਪ ਕੌਰ ਘੁੱਦਾ ਨੇ ਪਹਿਲਾਂ ਕਮਲਦੀਪ ਕੌਰ ਬੰਗੀ ਕਲਾਂ ਦੂਜਾ ਸਥਾਨ, ਜੈਸਮੀਨ ਕੌਰ ਤੇ ਨੂਰਵੀਰ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਅੰਡਰ- 21 ਸਾਲਾਂ ਭਾਰ 50 ਕਿਲੋ ਭਾਰ ਵਰਗ ਵਿੱਚ ਨਵਜੋਤ ਕੌਰ ਨੇ ਪਹਿਲਾ, ਅਮਨੇ ਨੇ ਦੂਜਾ, ਪ੍ਰੀਤ ਕੌਰ ਯਾਦਵੀਰ ਖੋਖਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 53 ਕਿਲੋ ਭਾਰ ਵਰਗ ਵਿੱਚ ਕਰਮਜੀਤ ਕੌਰ ਜੈ ਸਿੰਘ ਵਾਲਾ ਨੇ ਪਹਿਲਾ ਸਥਾਨ, ਮੰਗਲਜੀਤ ਕੌਰ ਘੁੱਦਾ ਨੇ ਦੂਜਾ ਸਥਾਨ, ਗੀਨਾ ਕੌਰ ਤੇ ਕੋਮਲਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਾਹਿਲ ਕੁਮਾਰ ਲੇਖਾਕਾਰ, ਨਰਿੰਦਰ ਸਿੰਘ, ਪਰਮਜੀਤ ਸਿੰਘ, ਕਨਵੀਨਰ ਹਰਵੀਰ ਸਿੰਘ, ਹਰਭਗਵਾਨ ਵਿਰਕ, ਕਬੱਡੀ ਕਨਵੀਨਰ ਵਰਿੰਦਰ ਸਿੰਘ, ਨਿਰਮਲ ਸਿੰਘ, ਕਨਵੀਨਰ ਸੁਖਮੰਦਰ ਸਿੰਘ ਭਗਤਾ ਸ਼ਿਵ ਜੀ, ਅਬਦੁਲ ਸਤਾਰ, ਜਸਪ੍ਰੀਤ ਕੌਰ ਡੀ ਪੀ ਘੁੱਦਾ, ਪਰਮਜੀਤ ਕੌਰ ਬੰਬੀਹਾ, ਪਰਮਿੰਦਰ ਸਿੰਘ ਗੁਰੂ ਕੇ, ਗੁਰਸੇਵਕ ਸਿੰਘ, ਬਲਜੀਤ ਸਿੰਘ ਬੀੜ ਆਦਿ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਜਥੇਦਾਰ ਟੌਹੜਾ ਦੇ ਜਨਮ ਸ਼ਤਾਬਦੀ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਬੈਠਣ ਦੀ ਮਰਿਯਾਦਾ ਛਿੱਕੇ ਟੰਗੀ : ਗੁਰਜੰਟ ਸਿੰਘ




**ਪਟਿਆਲਾ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਪੰਥ ਦੀ ਮਹਾਨ ਸ਼ਖਸ਼ੀਅਤ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੋੜਾ ਦੀ ਜਨਮ ਸ਼ਤਾਬਦੀ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਟੇਜ ਤੋਂ ਲੱਤਾਂ ਲਮਕਾ ਕੇ ਤੇ ਇੱਕ ਲੱਤ ’ਤੇ ਦੂਜੀ ਨੂੰ ਚੜਾਕੇ ਬੈਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠਣ ਦੀ ਮਰਿਆਦਾ ਨੂੰ ਛੱਕੇ ਟੰਗਿਆ ਗਿਆ ਹੈ ਇਹ ਗੱਲਾਂ ਗੁਰੂ ਅਦਬ ਵਿੱਚ ਨਹੀਂ ਆਉਂਦੀਆਂ ਸੰਗਤੀ ਰੂਪ ਵਿੱਚ ਬੈਠਣ ਦੀ ਮਰਿਯਾਦਾ ਦਾ ਹਰ ਇੱਕ ਨੂੰ ਪਾਲਣਾ ਕਰਨਾ ਚਾਹੀਦੀ ਹੈ। ਜਿੱਥੇ ਵੀ ਕਿਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਓਥੇ ਰਾਜਸੀ ਕਾਨਫਰੰਸਾਂ ਵਾਂਗ ਲੱਤਾਂ ਲਮਕਾ ਕੇ ਬੈਠਣਾ ਬਹੁਤ ਵੱਡੀ ਭੁੱਲ ਹੈ। ਅਕਾਲੀ ਦਲ ਦੇ ਬਾਗੀ ਧੜੇ ਦੇ “ਸੁਧਾਰ ਲਹਿਰ” ਵਾਲੇ ਵੀਰ ਸਭ ਤੋਂ ਪਹਿਲਾਂ ਇਹ ਸੁਧਾਰ ਕਰਨ।

## ਲੋਕ ਭਲਾਈ ਸਕੀਮਾਂ ਰਾਹੀਂ ਲੋਕਾਂ ਨੂੰ ਮਾਨ ਸਰਕਾਰ ਸਹੂਲਤਾਂ ਦੇਣ ਲਈ ਵਚਨਬੱਧ : ਬੁਰਜ ਗਹੌਰਾ

**ਧੂਰੀ ( ਰਣਜੀਤ ਸਿੰਘ ਪੇਧਨੀ)**-ਆਮ ਆਦਮੀ ਪਾਰਟੀ, ਪੰਜਾਬ ਦੀ ਤਰ੍ਹਾਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਵੀ ਹੂੰਝਾ ਫੇਰ ਜਿੱਤ ਦਰਜ ਕਰੇਗੀ। ਇਹਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਬੁਰਜ ਗਹੌਰਾ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਆਮ ਆਦਪੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਜਿਸ ਤਰੀਕੇ ਨਾਲ ਲੋਕ ਭਲਾਈ ਸਕੀਮਾਂ ਰਾਹੀਂ ਲੋਕਾਂ ਨੂੰ ਰਾਹਤ ਦਿੱਤੀ ਜਾ ਰਹੀ ਹੈ, ਉਸ ਤੋਂ ਹਰਿਆਣੇ ਦੇ ਲੋਕ ਪੰਜਾਬ ਦਾ ਗੁਆਂਢੀ ਸੂਬਾ ਹੋਣ ਕਰਕੇ ਭਲੀਭਾਂਤ ਜਾਣਦੇ ਹਨ।ਉਨ੍ਹਾਂ ਕਿਹਾ ਕਿ ਹਰਿਆਣੇ ਵਿਚ ਵੀ ਆਮ ਆਦਮੀ ਪਾਰਟੀ ਵੱਡੀ ਜਿੱਤ ਪ੍ਰਾਪਤ ਕਰੇਗੀ। ਹਰਿਆਣੇ ਦੇ ਲੋਕ ਅਜ਼ਾਦੀ ਤੋਂ ਬਾਅਦ ਸਤ੍ਹਾ ਵਿਚ ਆਈਆਂ ਵੱਖ ਵੱਖ ਪਾਰਟੀਆਂ ਨੂੰ ਪਰਖ ਚੁੱਕੀਆਂ ਹਨ। ਅੱਜ ਵੀ ਹਰਿਆਣੇ ਦੇ ਲੋਕ ਰੋਜ਼ਮਰਾ ਦੀਆਂ ਜਰੂਰਤਾਂ ਤੋਂ ਵਾਝੇ ਹਨ, ਜਿਸ ਕਰਕੇ ਉਥੋਂ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿ ਹਰਿਆਣੇ ਅੰਦਰ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਭਾਰੀ ਬਹੁਮਤ ਨਾਲ ਜਿੱਤਾ ਕੇ ਸਤਾ ਵਿਚ ਲਿਆਉਣਗੇ।



## ਪੰਜਾਬ ਸਰਕਾਰ ਵੱਲੋਂ ਪੰਚਾਇਤੀ ਚੋਣਾਂ ਵਿੱਚ ਬਹੁਤ ਵੱਡਾ ਘਪਲਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ : ਢੀਂਡਸਾ

**ਚੰਡੀਗੜ੍ਹ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਸਾਬਕਾ ਖ਼ਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਪੰਜਾਬ ਸਰਕਾਰ ਤੇ ਦੋਸ਼ ਲਾਇਆ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਚੋਣਾਂ ਵਿੱਚ ਬਹੁਤ ਵੱਡਾ ਘਪਲਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਚੋਣ ਕਮਿਸ਼ਨ ਨੇ ਪੰਚਾਇਤੀ ਚੋਣਾਂ ਦਾ ਐਲਾਨ ਤਾਂ ਕੀਤਾ ਪਰ ਰਾਖਵਾਂਕਰਨ ਸਬੰਧੀ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ। ਪੰਜਾਬ ਸਰਕਾਰ ਦੇ ਵਿਧਾਇਕ ਪੰਚਾਇਤੀ ਚੋਣਾਂ ਵਿੱਚ ਰਾਖਵਾਂਕਰਨ ਅਤੇ ਜਨਰਲ ਰੱਖਣ ਸਬੰਧੀ ਅਫ਼ਸਰਾਂ ਉੱਤੇ ਦਬਾਅ ਪਾ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਦੀ ਮਨਸ਼ਾ ਪੰਚਾਇਤੀ ਚੋਣਾਂ ਵਿੱਚ ਵੱਡੇ ਪੱਧਰ ਤੇ ਗੜਬੜ ਕਰਨ ਦੀ ਹੈ।




## ਚੇਅਰਮੈਨ ਜਸਪ੍ਰੀਤ ਸਿੰਘ ਵਲੋ ਕੈਬਨਿਟ ਮੰਤਰੀ ਮਹਿੰਦਰ ਭਗਤ ਜੀ ਸਨਮਾਨਿਤ



**ਚੌਂਕ ਮਹਿਤਾ, 25 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਕੈਬਨਿਟ ਮੰਤਰੀ ਬਣੇ ਸ੍ਰੀ ਮਹਿੰਦਰ ਭਗਤ ਜੀ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ ਪ੍ਰਮਾਤਮਾ ਕੋਲ ਇਸ ਵੱਡੀ ਜਿੰਮੇਵਾਰੀ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਲਈ ਬਲ ਬਖਸ਼ਣ ਦੀ ਅਰਦਾਸ ਕੀਤੀ ਉਨਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਦਿੱਤੀ ਹੋਈ ਨਵੀਂ ਜਿੰਮੇਵਾਰੀ ਲਈ ਪ੍ਰਮਾਤਮਾ ਦਾ ਓਟ ਆਸਰਾ ਲੈਣ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਹੈ। ਉਨਾਂ ਕਿਹਾ ਕਿ ਉਹ ਪੰਜਾਬ ਨੂੰ ਮੁੜ ਤੋਂ ਲੀਹਾਂ ਉੱਤੇ ਲਿਆਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ ਇਸ ਮੌਕੇ ਆਮ ਆਦਮੀ ਪਾਰਟੀ ਦੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਜਸਪ੍ਰੀਤ ਸਿੰਘ ਨੇ ਮਹਿੰਦਰ ਭਗਤ ਜੀ ਕੈਬਨਿਟ ਮੰਤਰੀ ਪੰਜਾਬ ਦਾ ਅੰਮ੍ਰਿਤਸਰ ਸਾਹਿਬ ਦੀ ਧਰਤੀ ਤੇ ਆਉਣ ਤੇ ਜੀ ਆਇਆਂ ਨੂੰ ਕਿਹਾ ਅਤੇ ਸਨਮਾਨਿਤ ਕੀਤਾ ਇਸ ਮੌਕੇ ਇਕਬਾਲ ਸਿੰਘ ਭੁੱਲਰ ਲੋਕ ਸਭਾ ਇੰਚਾਰਜ, ਪ੍ਰਭਵੀਰ ਸਿੰਘ ਬਰਾੜ ਵਾਇਸ ਚੇਅਰਮੈਨ ਇਨਫੋਟੈਕ, ਮਾਸਟਰ ਮੋਹਨ ਲਾਲ ਜੀ, ਜ਼ਿਲ੍ਹਾ ਖਜਾਨਚੀ ਕੇਵਲ ਅਟਵਾਲ ਜੀ, ਮਨਦੀਪ ਸਿੰਘ ਜੀ, ਸੁਖਦੇਵ ਸਿੰਘ, ਬਲਵਿੰਦਰ ਸਿੰਘ ਕਾਲਾ ਜੀ, ਵਰੁਣ ਰਾਣਾ ਜੀ, ਰਾਜ ਭਗਤ ਜੀ ਅਤੇ ਹੋਰ ਸਾਥੀ ਮੌਜੂਦ ਸਨ।

ਬਰਸੀ 'ਤੇ ਵਿਸ਼ੇਸ਼

# ਪੰਥ ਪ੍ਰਕਾਸ਼ ਦੇ ਕਰਤਾ-ਗਿਆਨੀ ਗਿਆਨ ਸਿੰਘ ਨੂੰ ਯਾਦ ਕਰਦਿਆਂ



-ਭਗਵਾਨ ਸਿੰਘ ਜੌਹਲ
bhagwansinghjohal@gmail.com



**19ਵੀਂ ਸਦੀ** ਦੇ ਆਖਰੀ ਦਿਨਾਂ ਤਕ ਸਿੱਖ ਇਤਿਹਾਸ ਨੂੰ ਪਾਠਕਾਂ ਤੱਕ ਪਹੁੰਚਾਉਣ ਵਾਲੇ ਉਂਗਲਾਂ 'ਤੇ ਗਿਣਨ ਯੋਗ ਵਿਦਵਾਨ ਬਹੁਤ ਵਿਰਲੇ ਸਨ। ਇਤਿਹਾਸ ਨੂੰ ਖੋਜਣਾ ਤੇ ਵਿਚਾਰਨਾ ਕੋਈ ਸੁਖੇਲ ਕਾਰਜ ਨਹੀਂ। ਇਸ ਕਾਰਜ ਨੂੰ ਕਰਨ ਵਾਲੇ ਖੋਜੀ ਵਿਦਵਾਨਾਂ ਵਿਚੋਂ ਗਿਆਨੀ ਗਿਆਨ ਸਿੰਘ ਨੂੰ ਅੱਜ ਤੱਕ ਬੜੀ ਸਿਦਤ ਨਾਲ ਯਾਦ ਕੀਤਾ ਜਾਂਦਾ ਹੈ। ਜਿਨ੍ਹਾਂ ਆਪਣੀ ਹਿਯਾਤੀ ਦੌਰਾਨ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖਾਲਸਾ ਵਰਗੇ ਮਹਾਨ ਗ੍ਰੰਥਾਂ ਦੀ ਰਚਨਾ ਕਰਕੇ ਸਿੱਖ ਸੰਗਤ ਤੋਂ ਭਰਪੂਰ ਪ੍ਰਸੰਸਾ ਪ੍ਰਾਪਤ ਕੀਤੀ। ਗਿਆਨੀ ਗਿਆਨ ਸਿੰਘ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਆਰੰਭ ਕੀਤੀ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਤੇ ਇਤਿਹਾਸਕਾਰ ਸਨ। ਗਿਆਨੀ ਗਿਆਨ ਸਿੰਘ ਦਾ ਜਨਮ ਸ. ਭਾਗ ਸਿੰਘ ਦੁੱਲਟ ਅਤੇ ਮਾਤਾ ਮਾਈ ਦੇਸ਼ਾਂ ਦੇ ਗ੍ਰਹਿ ਵਿਖੇ 15 ਅਪ੍ਰੈਲ 1822 ਈ: ਨੂੰ ਜਿਲ੍ਹਾ ਸੰਗਰੂਰ ਦੇ ਕਸਬੇ ਪੰਜਾਬ ਦੇ ਉਘੇ ਪਿੰਡ ਲੌਂਗੋਵਾਲ ਵਿੱਚ ਹੋਇਆ। ਇਸ ਪਰਿਵਾਰ ਦਾ ਪਿਛੋਕੜ ਸ਼ਹੀਦ ਭਾਈ ਮਨੀ ਸਿੰਘ ਦੇ ਭਰਾ ਭਾਈ ਨਗਾਹੀਆ ਸਿੰਘ ਦੀ ਵੰਸ਼ ਨਾਲ ਜੁੜਦਾ ਹੈ। ਗਿਆਨੀ ਗਿਆਨ ਸਿੰਘ ਬਚਪਨ ਤੋਂ ਹੀ ਬੜੀ ਤੇਜ ਤਰਾਰ ਬੁੱਧੀ ਦਾ ਮਾਲਕ ਸੀ।

ਭਰ ਜਵਾਨੀ ਦੀ ਉਮਰ 18-19 ਸਾਲ ਮਹਾਰਾਜਾ ਪਟਿਆਲਾ ਦੀ ਫੌਜ ਵਿੱਚ ਭਰਤੀ ਹੋ ਗਿਆ। ਇਤਿਹਾਸਕ ਜ਼ਿਕਰ ਮਿਲਦਾ ਹੈ ਕਿ 1849 ਈ: ਵਿਚ ਜੀਂਦ ਪਤੀ ਮਹਾਰਾਜਾ ਸਰੂਪ ਸਿੰਘ ਵਿਰੁੱਧ ਬਾਂਗਰੂਆਂ ਵਲੋਂ ਕੀਤੀ ਬਗਾਵਤ ਨੂੰ ਕੁਚਲਣ ਲਈ ਮਹਾਰਾਜਾ ਕਰਮ ਸਿੰਘ ਨੇ ਜੋ ਫੌਜੀ ਟੁਕੜੀ ਭੇਜੀ ਸੀ, ਉਸ ਵਿੱਚ ਗਿਆਨੀ ਗਿਆਨ ਸਿੰਘ ਵੀ ਸ਼ਾਮਿਲ ਸਨ। ਇਸ ਗਹਿਗੱਚ ਲੜਾਈ ਵਿਚ ਜ਼ਖਮੀ ਹੋ ਕੇ ਇਨ੍ਹਾਂ ਦੀ ਇਕ ਲੱਤ ਨਕਾਰਾ ਹੋ ਗਈ। ਹੁਣ ਫੌਜੀ ਨੌਕਰੀ ਵੀ ਖਤਮ ਹੋ ਗਈ। ਆਰਥਿਕ ਤੰਗੀ ਨਾਲ ਪਰਿਵਾਰ ਦਾ ਗੁਜ਼ਾਰਾ ਹੋਣਾ ਵੀ ਔਖਾ ਹੋ ਗਿਆ, ਉਨ੍ਹਾਂ ਦੀ ਮਾਜੂਮੀ ਨੂੰ ਦੇਖ ਕੇ ਇਨ੍ਹਾਂ ਦੇ ਤਾਇਆ ਸ: ਪ੍ਰੇਮ ਸਿੰਘ, ਗਿਆਨੀ ਜੀ ਨੂੰ ਆਪਣੇ ਨਾਲ ਪਟਿਆਲਾ ਲੈ ਗਏ। ਇਥੇ ਆ ਕੇ ਗ੍ਰੰਥੀ ਸਿੰਘ ਦੀ ਡਿਊਟੀ ਨਿਭਾਉਣ ਲੱਗ ਪਏ। ਪਰ ਛੇਤੀ ਹੀ ਗ੍ਰੰਥੀ ਦੀ ਡਿਊਟੀ ਤੋਂ ਵੀ ਮਨ ਉਚਾਟ ਹੋ ਗਿਆ, ਡਿਊਟੀ ਤੋਂ ਫਾਰਗ ਹੋ ਕੇ ਬਿਹੰਗਮ ਸਾਧੂ ਬਣ ਕੇ ਦੇਸ਼ ਦਾ ਭਰਮਣ ਸ਼ੁਰੂ ਕਰ ਦਿੱਤਾ। ਸਾਧੂ ਬਣ ਕੇ ਜਿਥੇ ਪ੍ਰਭੂ ਬੰਦਗੀ ਨੂੰ ਆਪਣੇ ਜੀਵਨ ਦਾ ਅਹਿਮ ਅੰਗ ਬਣਾ ਲਿਆ, ਉਥੇ ਵੱਖ-ਵੱਖ ਬਾਵਾਂ ਤੇ ਵਿਚਰਦਿਆਂ ਸਿੱਖ ਇਤਿਹਾਸ ਨਾਲ ਸੰਬੰਧਿਤ ਖੋਜ ਸਮੱਗਰੀ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ। 1857 ਈ: ਦੀ ਗ.ਦਰ ਲਹਿਰ ਸਮੇਂ ਆਪ ਵਾਪਸ ਪੰਜਾਬ ਪਰਤ ਕੇ ਬਰਨਾਲਉਘੇ

ਨਿਰਮਲੇ ਸੰਤਾਂ ਦੇ ਡੇਰਾ ਬਾਬਾ ਗਾਂਧਾ ਸਿੰਘ ਵਿਖੇ ਪਹੁੰਚ ਕੇ ਬਾਬਾ ਬੀਰ ਸਿੰਘ ਤੋਂ ਨਿਰਮਲ ਭੇਖ ਧਾਰਨ ਕੀਤਾ। ਇਸ ਤੋਂ ਛੇਤੀ ਹੀ ਪਿੱਛੋਂ ਛੇਤੀ ਨਿਰਮਲ ਸੰਪ੍ਰਦਾਇ ਦੀ ਉੱਘੀ ਵਿਦਵਾਨ ਸ਼ਖਸੀਅਤ ਪੰਡਿਤ ਤਾਰਾ ਸਿੰਘ ਨਰੋਤਮ ਨਾਲ ਸੰਪਰਕ ਹੋ ਗਿਆ। ਹੁਣ ਪੰਡਿਤ ਤਾਰਾ ਸਿੰਘ ਨਰੋਤਮ ਦੀ ਪ੍ਰੇਰਨਾ ਨਾਲ ਸਿੱਖ ਇਤਿਹਾਸ ਦੀ ਖੋਜ ਗੰਭੀਰਤਾ ਨਾਲ ਆਰੰਭ ਕੀਤੀ। ਸਭ ਤੋਂ ਪਹਿਲਾਂ 1880 ਈ: ਵਿਚ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਮਹਾਨ ਰਚਨਾ ਪ੍ਰਕਾਸ਼ਿਤ ਬਹੁਮੁੱਲਾ ਯੋਗਦਾਨ ਪਾਇਆ। ਆਪਣੀ ਕੀਤੀ ਗਈ। ਇਸ ਤੋਂ ਬਾਅਦ 1891-92 ਵਿੱਚ ਤਵਾਰੀਖ ਗੁਰੂ ਖਾਲਸਾ ਦੇ ਪਹਿਲੇ ਵਿੱਚ ਮਹਾਰਾਜਾ ਪਟਿਆਲਾ ਦੀ ਫੌਜ ਵਿੱਚ ਆਏ। ਪੰਜਾਬ ਪਰਤ ਕੇ ਬਰਨਾਲੇ ਉਘੇ ਤਿੰਨ ਭਾਗ ਪਹਿਲਾਂ ਗੁਰਮੁਖੀ ਅੱਖਰਾਂ ਵਿੱਚ ਤੇ ਪਿੱਛੋਂ ਉਰਦੂ ਵਿੱਚ ਪ੍ਰਕਾਸ਼ਿਤ ਕੀਤੇ।

ਇਹ ਦੋਨੋਂ ਮਹਾਨ ਰਚਨਾਵਾਂ ਆਪਣੇ ਸਮੇਂ ਦਾ ਮਹਾਨ ਇਤਿਹਾਸਕ ਕਾਰਜ ਸੀ। ਇਸ ਕਾਰਜ ਤੋਂ ਬਾਅਦ ਸਰੀਰਕ ਬਿਮਾਰੀ ਨੇ ਘੇਰ ਲਿਆ, ਜਦੋਂ ਥੋੜ੍ਹਾ ਤੰਦਰੁਸਤ ਹੋਏ ਤਾਂ ਮੁੜ ਗਿਆਨੀ ਜੀ ਮਹਾਰਾਜਾ ਪਟਿਆਲਾ ਪਾਸ ਆ ਗਏ। ਆਪ ਨੇ 9 ਮਾਰਚ, 1908 ਈ: ਨੂੰ ਇਨ੍ਹਾਂ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੇ ਅਨੰਦ ਕਾਰਜ ਦੇ ਫਰਜਾਂ ਨੂੰ ਨਿਭਾਇਆ।

ਪਟਿਆਲਾ ਰਿਆਸਤ ਦੇ ਅਹਿਲਕਾਰਾਂ ਨੇ ਜਦੋਂ ਗਿਆਨੀ ਜੀ ਵੱਲੋਂ ਕੀਤੇ ਇਤਿਹਾਸਕ ਗ੍ਰੰਥਾਂ ਨੂੰ ਵੇਖਿਆ, ਤਾਂ ਇਨ੍ਹਾਂ ਦੀਆਂ ਸਮੁੱਚੀਆਂ ਰਚਨਾਵਾਂ ਦੇ ਪ੍ਰਕਾਸ਼ਨ ਲਈ ਇਕ ਸੁਸਾਇਟੀ ਬਨਾਉਣ ਦੀ ਪ੍ਰਵਾਨਗੀ ਦਿੱਤੀ ਗਈ।

ਗਿਆਨੀ ਗਿਆਨ ਸਿੰਘ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖਾਲਸਾ ਤੋਂ ਇਲਾਵਾ ਹੋਰ ਵੱਡੀਆਂ ਪ੍ਰਕਾਸ਼ਿਤ ਪੁਸਤਕਾਂ/ਗ੍ਰੰਥਾਂ ਵਿੱਚ ਨਿਰਮਲ ਪੰਥ ਪ੍ਰਦੀਪਕਾ, ਗੁਰਧਾਮ ਸੰਗ੍ਰਹਿ, ਖਾਲਸਾ ਧਰਮ ਪਤਿਤ ਪਾਵਨ, ਤਵਾਰੀਖ ਅੰਮ੍ਰਿਤਸਰ, ਤਵਾਰੀਖ ਲਾਹੌਰ, ਰਿਪੁਦਮਨ ਪ੍ਰਕਾਸ਼, ਭੁਪਿੰਦਰਾਨੰਦ, ਇਤਿਹਾਸ ਰਿਆਸਤ ਬਾਗੜੀਆ, ਸੂਰਜ ਪ੍ਰਕਾਸ਼ ਵਾਰਤਿਕ ਆਦਿ ਲਈ ਵਡਮੁੱਲਾ ਕਾਰਜ ਕੀਤਾ। ਇਨ੍ਹਾਂ ਸਾਰੀਆਂ ਰਚਨਾਵਾਂ ਵਿਚੋਂ ਬਹੁਤ ਸਾਰੀਆਂ ਬੇਸ਼ਕੀਮਤੀ ਰਚਨਾਵਾਂ ਅਣਛਪੀਆਂ ਹੀ ਰਹਿ ਗਈਆਂ। ਇਸ ਮਹਾਨ ਇਤਿਹਾਸਕਾਰ ਤੇ ਸਿੱਖ ਵਿਦਵਾਨ ਨੇ ਜਿਥੇ ਸਿੱਖਾਂ ਦੀ ਮਹਾਨ ਜਥੇਬੰਦੀ ਨਿਰਮਲ ਸੰਪ੍ਰਦਾਇ ਲਈ ਬੇਮਿਸਾਲ ਕਾਰਜ ਕੀਤਾ, ਉਥੇ ਸਿੱਖ ਪੰਥ ਦੇ ਇਤਿਹਾਸਕ ਖੋਜ ਕਾਰਜਾਂ ਵਿੱਚ ਪੂਰੀ ਉਮਰ ਜਿਹੜੀ ਸਖਤ ਘਾਲਣਾ ਘਾਲੀ ਉਸ ਦੀ ਕੋਈ ਕੀਮਤ ਚੁਕਾਈ ਹੀ ਨਹੀਂ ਜਾ ਸਕਦੀ। ਉਸ ਸਮੇਂ ਤੱਕ ਕੌਮ ਕੋਲ ਕੋਈ ਜਥੇਬੰਦਕ ਸੰਸਥਾਵਾਂ ਵੀ ਨਹੀਂ ਸਨ। ਜਿਹੜੀਆਂ ਸੰਸਥਾਵਾਂ ਉਦੋਂ ਕਾਰਜਸ਼ੀਲ ਵੀ ਸਨ, ਉਹ ਆਪਣੇ ਪੈਰਾਂ ਉੱਪਰ ਅਜੇ ਚੰਗੀ ਤਰ੍ਹਾਂ ਨਾਲ ਮਜ਼ਬੂਤੀ ਨਹੀਂ ਸਨ ਫੜ ਸਕੀਆਂ। ਗਿਆਨੀ ਜੀ ਵਡਮੁੱਲੇ ਕਾਰਜਾਂ ਨੂੰ ਸੰਪੂਰਨਾ ਦੇ ਕੇ ਆਪਣੀ ਆਯੂ ਦੇ 100ਵੇਂ ਵਰ੍ਹੇ ਵਿੱਚ 24 ਸਤੰਬਰ, 1921 ਈ: ਨੂੰ ਨਾਭਾ ਵਿਖੇ ਸੱਚਖੰਡ ਜਾ ਬਿਰਾਜੇ। ਇਨ੍ਹਾਂ ਦੀ ਯਾਦ ਸਦੀਵੀ ਬਣੀ ਰਹੇਗੀ। ••

## ਪਿੰਡ ਧਰਮੂਚੱਕ ਵਿਖੇ ਮਲੇਰੀਆ ਪੌਜੋਟਿਵ ਕੇਸ ਨਿਕਲਣ ਤੇ ਮੈਡੀਕਲ ਟੀਮ ਤਰਸਿੱਕਾ ਨੇ ਪਿੰਡ ਦਾ ਕੀਤਾ ਦੌਰਾ



**ਚੌਕ ਮਹਿਤਾ 25 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ**-ਪੰਜਾਬ ਸਰਕਾਰ,ਸਿਹਤ ਵਿਭਾਗ ਦੇ ਹੁਕਮਾਂ ਅਤੇ ਸਿਵਲ ਸਰਜਨ ਅੰਮ੍ਰਿਤਸਰ ਡਾ:ਕਿਰਨਦੀਪ ਕੌਰ ,ਜਿਲਾ ਐਪੀਡੀਮੌਲੋਜਿਸਟ ਡਾ.ਹਰਜੋਤ ਕੌਰ, ਸੀਨੀਅਰ ਮੈਡੀਕਲ ਅਫਸਰ ਇੰਚ:ਸੀਐੱਚਸੀ ਤਰਸਿੱਕਾ ਐਸਐਮਓ ਡਾਕਟਰ ਮੋਨਾ ਚਤਰਥ ਦੀ ਰਹਿਨੁਮਾਈ ਹੇਠ,ਅਤੇ ਸਹਾਇਕ ਮਲੇਰੀਆ ਅਫਸਰ ਕੰਵਲ ਬਲਰਾਜ ਸਿੰਘ, ਰਾਮ ਮਹਿਤਾ ਏਐੱਮਓ ਦੀ ਯੋਗ ਅਗਵਾਈ ਹੇਠ ਅੱਜ ਸੀਐੱਚਸੀ ਤਰਸਿੱਕਾ ਦੇ ਅਧੀਨ ਆਉਂਦੇ ਪਿੰਡ ਧਰਮੂਚੱਕ ਵਿਖੇ ਮਲੇਰੀਆ ਪੌਜੋਟਿਵ ਕੇਸ ਨਿਕਲਣ ਤੇ ਅਜਮੇਰ ਸਿੰਘ ਸੋਹੀ ਸੀਨੀਅਰ ਮਲੇਰੀਆ ਸੁਪਰਵਾਈਜਰ, ਤੇ ਆਪਿੰਦਰ ਸਿੰਘ ਹੈਲਥ ਸੁਪਰਵਾਈਜਰ ਦੀ ਦੇਖ ਰੇਖ ਹੇਠ ਪਿੰਡ ਦਾ ਦੌਰਾ ਕੀਤਾ ਗਿਆ, ਪਿੰਡ ਦੇ ਲਗਭਗ 60 ਘਰਾਂ ਵਿਚ ਵੱਖ ਵੱਖ ਟੀਮਾਂ ਵਲੋਂ ਮਾਸ ਸਰਵੇ ਕੀਤਾ ਗਿਆ ਤੇ ਬੁਖਾਰ ਦੇ ਸ਼ੱਕੀ ਮਰੀਜ਼ਾਂ ਦੀਆਂ ਸਲਾਈਡਾਂ ਬਣਾਈਆਂ ਗਈਆਂ, ਅਤੇ ਮੱਛਰ ਮਾਰ ਦੀਵਾਈ ਦੀ ਸਪਰੇਅ ਕਰਵਾਈ ਗਈ ਤੇ ਘਰ ਘਰ ਜਾ ਕੇ ਲੋਕਾਂ ਨੂੰ ਮਲੇਰੀਆ, ਚਿਕਨਗੁਨੀਆ, ਡੇਗੂ ਬਾਰੇ ਦੱਸਿਆ ਇਨਾਂ ਤੋ ਬਚਾਅ ਸੰਬੰਧੀ ਜਾਣਕਾਰੀ ਦਿਤੀ ਗਈ, ਇਸ ਮੌਕੇ ਸਿਹਤ ਟੀਮ ਮੈਂਬਰ, ਨਿਰਮਲ ਸਿੰਘ, ਮਨਬੀਰ ਸਿੰਘ, ਸੁਖਵਿੰਦਰ ਸਿੰਘ, ਹਰਦੀਪ ਸਿੰਘ ਰਾਜ ਕਰਨ ਸਿੰਘ, ਸੁਖਵਿੰਦਰ ਸਿੰਘ ਸੈਦਪੁਰ, ਹਰਭੇਜ ਸਿੰਘ, ਤੇ ਬਰੀਡ ਚੈਕਰ ਟੀਮ ਹਾਜਰ ਸਨ ਗਿਆ।

## ਆਯੁਸ਼ਮਾਨ ਪਖਵਾੜੇ ਤਹਿਤ ਮੈਡੀਕਲ ਕੈਂਪ ਲਗਾਇਆ ਗਿਆ



**ਚੌਕ ਮਹਿਤਾ, 25 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਡਾਕਟਰ ਕਿਰਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਕਮਿਉਨਿਟੀ ਹੈਲਥ ਸੈਂਟਰ ਲੋਪੋਕੇ ਵਿਖੇ ਆਰਮੀ ਡੀ ਮਦਦ ਨਾਲ ਸਿਹਤ ਵਿਭਾਗ ਵਲੋਂ " ਆਯੁਸ਼ਮਾਨ ਪਖਵਾੜੇ " ਤਹਿਤ ਅੱਖਾਂ,ਦੰਦਾਂ ਅਤੇ ਜਨਰਲ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਦੌਰਾਨ ਆਰਮੀ ਡਾਕਟਰ, ਅਫਸਰਾਂ ਤੋਂ ਇਲਾਵਾ ਸੀ ਐਚ ਸੀ ਲੋਪੋਕੇ ਦੇ ਸਟਾਫ ਮੈਂਬਰਾ ਨੇ ਸੇਵਾ ਨਿਭਾਈ। ਇਸ ਕੈਂਪ ਵਿੱਚ 400 ਤੋਂ ਵੱਧ ਮਰੀਜਾਂ ਦਾ ਚੈੱਕ ਅਪ ਕੀਤਾ ਗਿਆ ਅਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਸਿਵਲ ਸਰਜਨ ਅੰਮ੍ਰਿਤਸਰ ਡਾ.ਕਿਰਨਦੀਪ ਕੌਰ, ਜਿਲਾ ਟੀਕਾਕਰਨ ਅਫਸਰ ਡਾ. ਭਾਰਤੀ ਧਵਨ,ਜਿਲਾ ਪਰਿਵਾਰ ਨਿਯੋਜਨ ਅਫਸਰ ਡਾ.ਨੀਲਮ ਭਗਤ, ਜਿਲਾ ਟੀ.ਬੀ ਅਫਸਰ ਡਾ.ਵਰੁਣ ਜੋਸ਼ੀ,ਡਾ.ਵਿਜੇ ਕੁਮਾਰ ਵਰਮਾ,ਜਿਲਾ ਮਾਸ ਮੀਡੀਆ ਅਫਸਰ ਅਮਰਦੀਪ ਸਿੰਘ ਉਚੇਚੇ ਤੌਰ ਤੇ ਪਹੁੰਚੇ। ਸਾਰੇ ਪ੍ਰੋਗਰਾਮ ਅਫਸਰਾਂ ਨੇ ਸੀ ਐਚ ਸੀ ਦੇ ਵੱਖ ਵੱਖ ਵਿਭਾਗਾਂ ਦਾ ਨਿਰੀਖਣ ਕੀਤਾ। ਵਿਸ਼ਵ ਸਿਹਤ ਸੰਸਥਾ ਤੋਂ ਡਾ ਪਰੀਤੋਸ਼ ਧਵਨ, ਡਾ.ਇਸ਼ਿਤਾ ਨੇ ਟੀ.ਬੀ ਵਿਭਾਗ ਦਾ ਨਿਰੀਖਣ ਕੀਤਾ। ਸੀਨੀਅਰ ਮੈਡੀਕਲ ਅਫਸਰ ਇੰਚ ਸੀ ਐਚ ਸੀ ਲੋਪੋਕੇ ਡਾ.ਕੰਵਰ ਅਜੈ ਸਿੰਘ ਅਤੇ ਸਾਰੇ ਸਟਾਫ ਨੇ ਆਈ ਹੋਈ ਟੀਮ ਦਾ ਸਵਾਗਤ ਕੀਤਾ ਅਤੇ ਗੁਲਦਸਤਾ ਭੇਟ ਕੀਤਾ।

## ਸਿਹਤ ਕੇਂਦਰ, ਪਿੰਡ ਕਾਲਾ ਬਾਹੀਆਂ (ਜਲੰਧਰ) ਵਿਖੇ ਦਵਾਈਆਂ ਦਾ ਸਹਿਯੋਗ



**ਕਰਤਾਰਪੁਰ, 25 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਮਿਸ਼ਨ ਤੰਦਰੁਸਤ ਪੰਜਾਬ ਤਹਿਤ ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ, ਕਰਤਾਰਪੁਰ ਵੱਲੋਂ ਅੱਜ ਸਮਾਜਸੇਵੀ ਸੁਨੀਲ ਰਤਨ ਸਹਿਗਲ ਪਰਿਵਾਰ ਵਾਸੀ ਕਪੂਰਥਲਾ ਦੇ ਸਹਿਯੋਗ ਨਾਲ ਸਿਹਤ ਕੇਂਦਰ ਪਿੰਡ ਕਾਲਾ ਬਾਹੀਆਂ (ਜਲੰਧਰ) ਵਿਖੇ ਲੋੜਵੰਦ ਮਰੀਜ਼ਾਂ ਲਈ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਿਹਤ ਕੇਂਦਰ ਦੀ ਸੀ. ਐਚ. ਓ. ਮੈਡਮ ਪ੍ਰੀਤੀ ਅਤੇ ਸਟਾਫ਼ ਵੱਲੋਂ ਸੰਸਥਾ ਨੇਕੀ ਦੀ ਦੁਕਾਨ, ਕਰਤਾਰਪੁਰ ਅਤੇ ਵਿਸ਼ੇਸ਼ ਤੌਰ ਤੇ ਸੁਨੀਲ ਰਤਨ ਸਹਿਗਲ ਪਰਿਵਾਰ ਦਾ ਧੰਨਵਾਦ ਕੀਤਾ। ਇਸ ਮੌਕੇ ਸੰਸਥਾ ਦੇ ਮਾਸਟਰ ਅਮਰੀਕ ਸਿੰਘ, ਗੇਂਦੀ ਰਾਮ, ਸੀ. ਐਚ. ਓ. ਮੈਡਮ ਪ੍ਰੀਤੀ, ਸਤਵੰਤ ਕੌਰ ( ਏ. ਐਨ. ਐਮ. ) ਆਸ਼ਾ ਵਰਕਰ ਬਲਵੀਰ ਕੌਰ, ਹਰਪ੍ਰੀਤ ਕੌਰ, ਕਮਲਜੀਤ ਕੌਰ, ਪਰਮਿੰਦਰ ਕੌਰ, ਸੋਨੀਆ, ਮੈਡਮ ਸੀਮਾ, ਜਸਦੀਪ ਕੌਰ, ਨੀਤਿਕਾ ਕਮਲ ਆਦਿ ਹਾਜ਼ਰ ਸਨ।

ਸਿਹਤ ਵਿਭਾਗ ਵਲੋਂ ਸਿਵਲ ਹਸਪਤਾਲ ਵਿਚ ਨਵਾਂ ਡੈਲੇਸਿਸ ਸੈਂਟਰ ਦਾ ਉਦਘਾਟਨ ਕੀਤਾ ਗਿਆ

# ਹੁਣ ਕਿਡਨੀ ਦੇ ਮਰੀਜਾਂ ਦਾ ਮੁਫਤ ਡੈਲੇਸਿਸ ਸਿਵਲ ਹਸਪਤਾਲ ਵਿਖੇ ਕੀਤਾ ਜਾਵੇਗਾ



**ਚੌਕ ਮਹਿਤਾ, 24 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਮਾਨਯੋਗ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਜੀ ਵਲੋਂ ਮਾਤਾ ਕੌਸ਼ਿਲਆ ਹਸਪਤਾਲ ਪਟਿਆਲਾ ਵਿਖੇ ਤੋਂ ਪੰਜਾਬ ਭਰ ਦੇ ਕੁੱਲ 8 ਜਿਲ੍ਹਿਆਂ ਵਿਚ ਨਵੇਂ ਡੈਲੇਸਿਸ ਸੈਂਟਰਾਂ ਦਾ ਉਦਘਾਟਨ ਵੀ.ਸੀ. ਰਾਹੀ ਕੀਤਾ ਗਿਆ। ਜਿਵੇਂ ਹੀ ਮਾਨਯੋਗ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਜੀ ਵਲੋਂ ਪਟਿਆਲਾ ਵਿਖੇ ਡੈਲੇਸਿਸ ਯੁਨਿਟ ਦਾ ਉਦਘਾਟਨ ਕੀਤਾ, ਠੀਕ ਉਸੇ ਹੀ ਸਮੇਂ ਤੇ ਹੀ ਜਿਲ੍ਹਾ ਅੰਮ੍ਰਿਤਸਰ ਵਿਖੇ ਮਾਨਯੋਗ ਐਮ.ਐਲ.ਏ. ਡਾ ਅਜੈ ਗੁਪਤਾ ਅਤੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਜੀ ਵਲੋਂ ਵੀ ਜਿਲ੍ਹਾ ਅੰਮ੍ਰਿਤਸਰ ਵਿਖੇ ਡੈਲੇਸਿਸ ਯੂਨਿਟ ਦਾ ਉਦਘਾਟਨ ਕਰਕੇ ਇਸ ਨੂੰ ਲੋਕ ਅਪਰਣ ਕੀਤਾ। ਇਸ ਮੌਕੇ ਮਾਨਯੋਗ ਐਮ.ਐਲ.ਏ. ਡਾ ਅਜੈ ਗੁਪਤਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ ਅਤੇ ਪੰਜਾਬ ਸਰਕਾਰ ਹਮੇਸ਼ਾਂ ਹੀ ਲੋਕਾਂ ਦੀ ਨਿਰੋਈ ਸਿਹਤ ਪ੍ਰਤੀ ਵਚਨਬੱਧ ਹੈ। ਇਸ ਨਾਲ ਜਿਲ੍ਹੇ ਭਰ ਵਿਚ ਸਾਰੇ ਲੋੜਵੰਦ ਮਰੀਜਾਂ ਦੇ ਮੁਫਤ ਡੈਲੇਸਿਸ ਸੰਭਵ ਹੋਣਗੇ ਅਤੇ ਖਾਸ ਕਰਕੇ ਗਰੀਬ ਮਰੀਜਾਂ ਲਈ ਇਹ ਵਰਦਾਨ ਸਾਬਤ ਹੋਵੇਗਾ। ਇਸ ਮੌਕੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਜਿਲਾ ਹਸਪਤਾਲ ਅੰਮ੍ਰਿਤਸਰ ਵਿੱਚ ਪੰਜਾਬ ਸਰਕਾਰ ਵਲੋਂ ਹੰਸ ਫਾਂਓਡੇਸ਼ਨ ਦੀ ਮਦਦ ਨਾਲ ਆਧੁਨਿਕ ਟੈਕਨੋਲੀਜੀ ਨਾਲ ਲੈਸ 3 ਨਵੀਆਂ ਮਸ਼ੀਨਾਂ ਲਗਾਈਆਂ ਗਈਆਂ ਹਨ, ਇਹਨਾਂ ਰਾਹੀਂ ਜਿਲ੍ਹੇ ਭਰ ਵਿਚ ਡੈਲੇਸਿਸ ਵਾਲੇ ਮਰੀਜਾਂ ਲਈ ਮੁਫਤ ਡੈਲੇਸਿਸ ਅਤੇ ਡੈਲੇਸਿਸ ਨਾਲ ਸੰਬਧਤ ਮੁਫਤ ਟੈਸਟ ਕੀਤੇ ਜਾਣਗੇ ਅਤੇ ਪਹਿਲੇ ਦਿਨ 3 ਮਰੀਜਾਂ ਦਾ ਮੁਫਤ ਡੈਲੇਸਿਸ ਕੀਤਾ ਗਿਆ ਹੈ। ਇਸ ਅਵਸਰ ਤੇ ਸੀਨੀਅਰ ਮੈਡੀਕਲ ਅਫਸਰ ਡਾ ਸਵਰਨਜੀਤ ਧਵਨ, ਸੀਨੀਅਰ ਮੈਡੀਕਲ ਅਫਸਰ ਡਾ ਰਸ਼ਮੀਂ ਵਿਜ, ਡਾ ਪ੍ਰੀਤਵਿਨ ਕੌਰ, ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਮੇਟਰਨ ਕਮਲਜੀਤ ਕੌਰ ਅਤੇ ਸਮੂਹ ਸਟਾਫ ਹਾਜਰ ਸਨ।